# ਇਤਿਹਾਸ - ਸੱਤਵੀਂ

1. ਬਾਈਬਲ ਵਿਚ ਭਾਰਤ ਲਈ ਕਿਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ?
   (ੳ) ਇੰਡਸ (ਅ) ਹੋਡੂ (ੲ) ਆਰੀਆ ਵਰਤ (ਸ) ਹਿੰਦੂ
2. ---- ਨੇ ਭਾਰਤ ਨੂੰ "ਤਾਇਨ ਚੂ" ਦਾ ਨਾਂ ਦਿੱਤਾ
   (ੳ) ਜਾਪਾਨੀਆਂ (ਅ) ਈਰਾਨੀਆਂ (ੲ) ਚੀਨੀਆਂ (ਸ) ਪੁਰਤਗਾਲੀਆਂ
3. ਭਾਰਤੀ ਇਤਿਹਾਸ ਦੇ ਕਿਸ ਸਮੇਂ ਨੂੰ ਮੱਧਕਾਲੀਨ ਯੁੱਗ ਕਿਹਾ ਜਾਂਦਾ ਹੈ?
   (ੳ) ਅਠਵੀਂ ਤੋਂ ਅਠਾਰਵੀਂ ਸਦੀ ਤੱਕ (ਅ) ਛੇਵੀਂ ਤੋਂ ਬਾਰ੍ਹਵੀਂ ਸਦੀ ਤੱਕ
   (ੲ) ਬਾਰਵੀਂ ਤੋਂ ਅਠਾਰਵੀਂ ਸਦੀ ਤੱਕ (ਸ) ਪੰਜਵੀਂ ਤੋਂ ਪੰਦਰਵੀਂ ਸਦੀ ਤੱਕ
4. ਇਬਨ ਬਤੂਤਾ ਦੇ "ਰੀਹੇਲਾ ਲੇਖ" ਵਿਚ ਕਿਸ ਸ਼ਾਸਕ ਦੇ ਰਾਜਕਾਲ ਬਾਰੇ ਜਾਣਕਾਰੀ ਮਿਲਦੀ ਹੈ?
   (ੳ) ਗਿਆਸਉਦੀਨ ਬਲਬਨ (ਅ) ਸ਼ੇਰ ਸ਼ਾਹ ਸੂਰੀ
   (ੲ) ਅਕਬਰ (ਸ) ਮੁਹੰਮਦ ਬਿਨ ਤੁਗਲਕ
5. -------- ਅਕਬਰ ਦੇ ਸਮੇਂ ਦਾ ਪ੍ਰਸਿੱਧ ਸੰਗੀਤਕਾਰ ਸੀ।
   (ੳ) ਅਬਦੁਲ ਰਜਾਕ (ਅ) ਅਲ ਬਰੂਨੀ (ੲ) ਇਬਨ ਬਤੂਤਾ (ਸ) ਤਾਨਸੇਨ
6. ਨਾਗਾਭੱਟ ਪਹਿਲੇ ਨੇ ਗੁਰਜਰ-ਪ੍ਰਤਿਹਾਰ ਵੰਸ਼ ਦੀ ਸਥਾਪਨਾ ਕਦੋਂ ਕੀਤੀ?
   (ੳ) 750 ਈ (ਅ) 836 ਈ (ੲ) 725 ਈ (ਸ) 770 ਈ
7. ਪ੍ਰਤਿਹਾਰ ਵੰਸ਼ ਦਾ ਸਭ ਤੋਂ ਸ਼ਕਤੀ ਸ਼ਾਲੀ ਸ਼ਾਸਕ ਕੌਣ ਸੀ?
   (ੳ) ਮਹਿੰਦਰਪਾਲ (ਅ) ਮਿਹਿਰਭੋਜ (ੲ) ਰਾਜਪਾਲ (ਸ) ਨਾਗਾਭੱਟ
8. ਗੋਪਾਲ ਨੇ ਬੰਗਾਲ ਵਿਚ ਪਾਲ ਵੰਸ਼ ਦੀ ਸਥਾਪਨਾ ਕਦੋਂ ਕੀਤੀ?
   (ੳ) 650 ਈ (ਅ) 750 ਈ (ੲ) 850 ਈ (ਸ) 950 ਈ
9. ਪਾਲ ਵੰਸ਼ ਨੇ ਕਿਸ ਖੇਤਰ ਤੇ ਰਾਜ ਕੀਤਾ?
   (ੳ) ਰਾਜਸਥਾਨ ਅਤੇ ਗੁਜਰਾਤ (ਅ) ਬੰਗਾਲ ਬਿਹਾਰ ਅਤੇ ਝਾਰਖੰਡ
   (ੲ) ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ (ਸ) ਮੱਧਪ੍ਰਦੇਸ਼ ਅਤੇ ਉੜੀਸਾ
10. ਪਾਲ ਸ਼ਾਸਕ ਧਰਮਪਾਲ ਨੇ ਕਿਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ?
    (ੳ) ਟਕਸ਼ਿਲਾ (ਅ) ਵਿਕ੍ਰਮਸ਼ਿਲਾ (ੲ) ਮੱਗਧ (ਸ) ਨਾਲੰਦਾ
11. ਕਿਸ ਰਾਸ਼ਟਰਕੂਟ ਸ਼ਾਸਕ ਨੇ ਇਲੋਰਾ ਵਿਖੇ ਕੈਲਾਸ਼ ਮੰਦਰ ਬਣਾਇਆ?
    (ੳ) ਧਰੁਵ ਨੇ (ਅ ਅਮੋਘਵਰਸ਼ ਨੇ (ੲ) ਕ੍ਰਿਸ਼ਨ ਪਹਿਲੇ ਨੇ (ਸ) ਗੋਵਿੰਦ ਦੂਜੇ ਨੇ
12. ਪਾਲ, ਗੁਰਜਰ-ਪ੍ਰਤਿਹਾਰ ਅਤੇ ਰਾਸ਼ਟਰਕੂਟਾਂ ਵਿਚਕਾਰ ਕਨੋਜ ਲਈ ਸੰਘਰਸ਼ ਲੱਗਭਗ----- ਸਾਲਾਂ ਤੱਕ ਹੁੰਦਾ ਰਿਹਾ
    (ੳ) 200 (ਅ) 100 (ੲ) 300 (ਸ) 400
13. ਚੌਹਾਨ ਵੰਸ਼ ਦਾ ਸਭ ਤੋ ਸ਼ਕਤੀਸ਼ਾਲੀ ਸ਼ਾਸਕ ਕੌਣ ਸੀ?
    (ੳ) ਸ਼ਿਵਾਜੀ (ਅ) ਪ੍ਰਿਥਵੀਰਾਜ (ੲ) ਜੈ ਚੰਦ (ਸ) ਮੁਹੰਮਦ ਗੌਰੀ
14. ਮਹਿਮੂਦ ਗਜਨਵੀ ਨੇ 1001-1025 ਤੱਕ ਭਾਰਤ ਤੇ ਕਿੰਨੇ ਹਮਲੇ ਕੀਤੇ?
    (ੳ) 20 (ਅ) 15 (ੲ) 10 (ਸ) 17
15. ਮਹਿਮੂਦ ਗਜਨਵੀ ਦੀ ਕਿਸ ਜਿੱਤ ਤੇ ਖਲੀਫਾ ਨੇ ਉਸ ਨੂੰ ਸਨਮਾਨਿਤ ਕੀਤਾ?
    (ੳ) ਥਾਨੇਸਰ (ਅ) ਮਥੁਰਾ ਅਤੇ ਕਨੌਜ (ੲ) ਸੋਮਨਾਥ ਮੰਦਰ (ਸ) ਕਾਲਿੰਜਰ
16. ਮੁਹੰਮਦ ਗੌਰੀ ਨੇ ਪ੍ਰਿਥਵੀਰਾਜ ਚੌਹਾਨ ਨੂੰ ਕਿਸ ਲੜਾਈ ਵਿੱਚ ਹਰਾਇਆ?
    (ੳ) ਤਰਾਇਨ (ਅ) ਕਨੌਜ (ੲ) ਨਗਰਕੋਟ (ਸ) ਚੰਦਵਾੜਾ
17. ਮੁਹੰਮਦ ਗੌਰੀ ਕਿਥੋਂ ਦਾ ਸ਼ਾਸਕ ਸੀ?
    (ੳ) ਕਨੌਜ (ਅ) ਇਰਾਨ (ੲ) ਇਰਾਕ (ਸ) ਅਫਗਾਨਿਸਤਾਨ
18. ਦੰਤੀਦੁਰਗ ਨੇ 742 ਈ ਵਿੱਚ ਕਿਸ ਵੰਸ਼ ਦੀ ਸਥਾਪਨਾ ਕੀਤੀ?
    (ੳ) ਰਾਸ਼ਟਰਕੂਟ (ਅ) ਪਾਲ (ੲ) ਪੱਲਵ (ਸ) ਗੁਰਜਰ
19. ਪਲੱਵ ਸ਼ਾਸਕਾ ਦੀ ਰਾਜਧਾਨੀ ਕਿਹੜੀ ਸੀ?
    (ੳ) ਅਜਮੇਰ (ਅ) ਕਾਂਚੀ (ੲ) ਮਹਾਬਲੀ ਪੁਰਮ (ਸ) ਦਿੱਲੀ

20. ਪੱਲਵਾ ਨੇ ਕਾਂਚੀਪੁਰਮ ਵਿਖੇ ਕਿਹੜਾ ਮੰਦਰ ਬਣਾਇਆ?
(ੳ) ਸ਼ੋਰ ਮੰਦਰ (ਅ) ਰਥ ਮੰਦਰ (ੲ) ਸੋਮਨਾਥ ਮੰਦਰ (ਸ) ਕੈਲਾਸ਼ ਮੰਦਰ

21. ਗੰਗਈਕੋਂਡਾ ਚੋਲਾਪੁਰਮ ਨਗਰ ਕਿਸ ਚੋਲਾ ਸ਼ਾਸਕ ਨੇ ਵਸਾਇਆ ?
(ੳ) ਰਾਜਿੰਦਰ ਚੋਲ (ਅ) ਵਿਜਯਲਯ (ੲ) ਪ੍ਰਾਂਤਕ (ਸ) ਰਾਜਰਾਜਾ ਪਹਿਲਾ

22. ਤੰਜੌਰ ਵਿੱਚ ਪ੍ਰਸਿੱਧ ਰਾਜ ਰਾਜੇਸ਼ਵਰ ਮੰਦਰ ਕਿਸ ਨੇ ਬਣਵਾਇਆ?
(ੳ) ਵਿਜਯਲਯ (ਅ) ਰਾਜਿੰਦਰ ਚੋਲ (ੲ) ਪ੍ਰਾਂਤਕ (ਸ) ਰਾਜਰਾਜਾ ਪਹਿਲਾ

23. ਕੰਬਨ ਵਿਦਵਾਨ ਨੇ ਰਮਾਇਣ ਦਾ ਕਿਸ ਭਾਸ਼ਾ ਵਿੱਚ ਅਨੁਵਾਦ ਕੀਤਾ?
(ੳ) ਤਾਮਿਲ (ਅ) ਤੇਲਗੂ (ੲ) ਮਰਾਠੀ (ਸ) ਉਰਦੂ

24. ਨੇਨਿਹਾ ਅਤੇ ਤਿਕਨਾ ਵਿਦਵਾਨਾਂ ਨੇ ਮਹਾਂਭਾਰਤ ਦਾ ਕਿਸ ਭਾਸ਼ਾ ਵਿਚ ਅਨੁਵਾਦ ਕੀਤਾ?
(ੳ) ਤਾਮਿਲ (ਅ) ਮਰਾਠੀ (ੲ) ਤੇਲਗੂ (ਸ) ਹਿੰਦੀ

25. ਪਾਂਡਯ ਰਾਜ ਤਾਮਿਲਨਾਡੂ ਦੇ ਕਿਸ ਭਾਗ ਵਿੱਚ ਸਥਾਪਿਤ ਸੀ?
(ੳ) ਉੱਤਰੀ (ਅ) ਦੱਖਣੀ (ੲ) ਪੂਰਬੀ (ਸ) ਪੱਛਮੀ

26. ਮਾਰਕੋ ਪੋਲੋ ਨੇ ਕਿਸ ਰਾਜ ਦੀ ਯਾਤਰਾ ਕੀਤੀ?
(ੳ) ਪਾਂਡਯ (ਅ) ਤੰਜੌਰ (ੲ) ਮੁਗਲ (ਸ) ਪਲੱਵ

27. ਭਾਰਤ ਵਿੱਚ ਤੁਰਕ ਰਾਜ ਦਾ ਅਸਲ ਸੰਸਥਾਪਕ ਕੌਣ ਸੀ?
(ੳ) ਇਲਤੁਤਮਿਸ਼ (ਅ) ਮੁਹੰਮਦ-ਬਿਨ ਤੁਗਲਕ (ੲ) ਕੁਤਬਦੀਨ ਐਬਕ (ਸ) ਗਿਆਸਉਦੀਨ ਬਲਬਨ

28. ਕੁਤਬਮੀਨਾਰ ਦੀ ਉਸਾਰੀ ਕਿਸ ਨੇ ਸ਼ੁਰੂ ਕਰਵਾਈ?
(ੳ) ਕੁਤਬਦੀਨ ਐਬਕ (ਅ) ਰਜ਼ੀਆ ਸੁਲਤਾਨ (ੲ) ਬਾਬਰ (ਸ) ਇਲਤੁਤਮਿਸ਼

29. ਕੁਤਬਦੀਨ ਐਬਕ ਦੀ ਮੌਤ ਕਿਵੇਂ ਹੋਈ?
(ੳ) ਲੜਾਈ ਦੌਰਾਨ (ਅ) ਬਿਮਾਰੀ ਕਰਕੇ (ੲ) ਘੋੜੇ ਤੋਂ ਡਿਗ ਕੇ (ਸ) ਜ਼ਹਿਰ ਖਾ ਕੇ

30. ਰਜੀਆ ਸੁਲਤਾਨ ਕਿਸ ਦੀ ਪੁੱਤਰੀ ਸੀ?
(ੳ) ਅਰਾਮ ਸ਼ਾਹ (ਅ) ਇਲਤੁਤਮਿਸ਼ (ੲ) ਕੁਤਬਦੀਨ ਐਬਕ (ਸ) ਮੁਹੰਮਦ ਬਿਨ ਤੁਗਲਕ

31. ਗਿਆਸਉਦੀਨ ਬਲਬਨ ਨੇ ਕਿਸ ਦੇ ਵਿਰੁਧ 'ਲਹੂ ਅਤੇ ਲੋਹੇ' ਦੀ ਨੀਤੀ ਅਪਣਾਈ ?
(ੳ) ਮੰਗੋਲਾਂ (ਅ) ਅਫਗਾਨਾਂ (ੲ) ਮੁਗਲਾਂ (ਸ) ਤੁਰਕਾਂ

32. ਭਾਰਤ ਵਿਚ ਦਾਸ ਵੰਸ਼ ਦਾ ਅੰਤ ਕਿਸ ਨੇ ਕੀਤਾ ਸੀ?
(ੳ) ਗਿਆਸਉਦੀਨ ਬਲਬਨ (ਅ) ਜਲਾਲਉਦੀਨ ਖਿਲਜੀ (ੲ) ਰਜੀਆ ਸੁਲਤਾਨ (ਸ) ਕੁਤਬਦੀਨ ਐਬਕ

33. ਮਲਿਕ ਕਫੂਰ......... ਦਾ ਸੈਨਾਪਤੀ ਸੀ?
(ੳ) ਜਲਾਲਉਦੀਨ ਖਿਲਜੀ (ਅ) ਮੁਹੰਮਦ ਬਿਨ ਤੁਗਲਕ (ੲ) ਗਿਆਸਉਦੀਨ ਬਲਬਨ (ਸ) ਅਲਾਉਦੀਨ ਖਿਲਜੀ

34. ਦਿੱਲੀ ਦੇ ਕਿਸ ਸ਼ਕਤੀਸ਼ਾਲੀ ਸ਼ਾਸਕ ਨੂੰ 'ਬੁਧੀਮਾਨ ਮੂਰਖ' ਕਿਹਾ ਜਾਂਦਾ ਹੈ।
(ੳ) ਅਲਾਉਦੀਨ ਖਿਲਜੀ (ਅ) ਫਿਰੋਜਸ਼ਾਹ ਤੁਗਲਕ (ੲ) ਮੁਹੰਮਦ-ਬਿਨ-ਤੁਗਲਕ (ਸ) ਸਿਕੰਦਰ ਲੋਧੀ

35. ਚੋਲ ਰਾਜ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਦਾ ਨਾਂ ਕੀ ਸੀ?
(ੳ) ਮੰਡਲਮਜ (ਅ) ਬਲੇਡੂ (ੲ) ਸਭਾ (ਸ) ਨਾਡੂ

36. ਭਾਰਤ ਦੇ ਕਿਸ ਸ਼ਾਸਕ ਨੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਬਹੁਤ ਘੱਟ ਨਿਸ਼ਚਿਤ ਕੀਤੀਆਂ ਹੋਈਆਂ ਸੀ।
(ੳ) ਅਲਾਉਦੀਨ ਖਿਲਜੀ (ਅ) ਮੁਹੰਮਦ-ਬਿਨ-ਤੁਗਲਕ (ੲ) ਜਲਾਲਉਦੀਨ ਖਿਲਜੀ (ਸ) ਫਿਰੋਜਸ਼ਾਹ ਤੁਗਲਕ

37. ਮੁਹੰਮਦ ਬਿਨ ਤੁਗਲਕ ਨੇ ਆਪਣੇ ਸਾਮਰਾਜ ਦੀ ਰਾਜਧਾਨੀ ਦਿੱਲੀ ਤੋਂ ਕਿਹੜੀ ਥਾਂ 'ਤੇ ਤਬਦੀਲ ਕੀਤੀ।
(ੳ) ਆਗਰਾ (ਅ) ਦੇਵਗਿਰੀ (ੲ) ਸ਼ਿਮਲਾ (ਸ) ਮਥੁਰਾ

38. ਭਾਰਤ ਦੇ ਕਿਹੜੇ ਸ਼ਾਸਕ ਨੇ ਚਾਂਦੀ ਦੀ ਥਾਂ ਤੇ ਕਾਂਸੇ ਦੇ ਸਿੱਕਿਆਂ ਦਾ ਪ੍ਰਚਲਨ ਸ਼ੁਰੂ ਕੀਤਾ ਸੀ?
(ੳ) ਸ਼ਿਵਾਜੀ (ਅ) ਪੇਸ਼ਵਾ ਬਾਜੀ ਰਾਓ (ੲ) ਮੁਹੰਮਦ ਬਿਨ ਤੁਗ਼ਲਕ (ਸ) ਅਲਾਉਦੀਨ ਖਿਲਜੀ

39. ਤੈਮੂਰ ਨੇ ਭਾਰਤ ਤੇ ਹਮਲਾ ਕਦੋਂ ਕੀਤਾ?
(ੳ) 1375 ਈ (ਅ) 1396 (ੲ) 1398 ਈ (ਸ) 1291 ਈ

40. ਤੈਮੂਰ ਭਾਰਤ ਦਾ ਸ਼ਾਸਕ ਬਣਨ ਤੋਂ ਪਹਿਲਾਂ ਕਿਥੋਂ ਦਾ ਰਾਜਾ ਸੀ?
(ੳ) ਇਰਾਨ (ਅ) ਬਲਖ (ੲ) ਅਫਗਾਨਿਸਤਾਨ (ਸ) ਇਰਾਕ

41. ਦਿੱਲੀ ਛੱਡਣ ਤੋਂ ਪਹਿਲਾਂ ਤੈਮੂਰ ਨੇ ਕਿਸ ਨੂੰ ਮੁਲਤਾਨ, ਲਾਹੌਰ ਅਤੇ ਦੀਪਾਲਪੁਰ ਦਾ ਗਵਰਨਰ ਨਿਯੁਕਤ ਕੀਤਾ ਸੀ?
(ੳ) ਇਸਲਾਮ ਖਾਨ (ਅ) ਅਬਦੁੱਲਾ ਖਾਨ (ੲ) ਮੁਸ਼ਰਫ ਖਾਨ (ਸ) ਖਿਜ਼ਰ ਖਾਨ

42. ਤੁਗਲਕ ਸਾਮਰਾਜ ਦੇ ਪਤਨ ਤੋਂ ਬਾਅਦ ਖਿਜਰ ਖਾਂ ਨੇ ਕਿਸ ਵੰਸ਼ ਦੇ ਰਾਜ ਦੀ ਨੀਂਹ ਰੱਖੀ?
(ੳ) ਖਿਜ਼ਰ ਵੰਸ਼ (ਅ) ਖਿਲਜੀ ਵੰਸ਼ (ੲ) ਸੱਯਦ ਵੰਸ਼ (ਸ) ਲੋਧੀ ਵੰਸ਼

43. ਲੋਧੀ ਵੰਸ਼ ਦਾ ਸੰਸਥਾਪਕ ਅਤੇ ਪਹਿਲਾ ਸ਼ਾਸਕ ਕੌਣ ਸੀ?
(ੳ) ਬਹਿਲੋਲ ਲੋਧੀ (ਅ) ਇਬਰਾਹੀਮ ਲੋਧੀ (ੲ) ਸਿਕੰਦਰ ਲੋਧੀ (ਸ) ਆਲਮ ਸ਼ਾਹ

44. ਕਿਸ ਸ਼ਾਸਕ ਨੇ 1503 ਈ ਵਿੱਚ ਆਗਰਾ ਸ਼ਹਿਰ ਦੀ ਸਥਾਪਨਾ ਕੀਤੀ?
(ੳ) ਇਬਰਾਹੀਮ ਲੋਧੀ (ਅ) ਸਿਕੰਦਰ ਲੋਧੀ (ੲ) ਬਹਿਲੋਲ ਲੋਧੀ (ਸ) ਆਲਮ ਸ਼ਾਹ

45. ਦਿੱਲੀ ਸਲਤਨਤ ਦਾ ਮਹੱਤਵਪੂਰਨ ਵਜੀਰ ਕਿਸ ਵਿਭਾਗ ਦਾ ਮੁਖੀ ਸੀ?
(ੳ) ਸੈਨਾ (ਅ) ਜਾਸੂਸੀ (ੲ) ਧਾਰਮਿਕ ਸਿੱਖਿਆ (ਸ) ਵਿੱਤ ਅਤੇ ਲਗਾਨ

46. 1336 ਈ ਵਿੱਚ ਹਰੀਹਰ ਅਤੇ ਬੁੱਕਾ ਨੇ ਕਿਸ ਨੂੰ ਹਰਾ ਕੇ ਵਿਜੈ ਨਗਰ ਰਾਜ ਦੀ ਨੀਂਹ ਰੱਖੀ?
(ੳ) ਸਿਕੰਦਰ ਲੋਧੀ (ਅ) ਮੁਹੰਮਦ ਬਿਨ ਤੁਗਲਕ (ੲ) ਆਲਮ ਸ਼ਾਹ (ਸ) ਇਬਰਾਹੀਮ ਲੋਧੀ

47. ਵਿਜੈ ਨਗਰ ਰਾਜ ਦਾ ਸਭ ਤੋਂ ਮਹਾਨ ਸ਼ਾਸਕ ਕੌਣ ਸੀ?
(ੳ) ਮਹਿਮੂਦ ਸ਼ਾਹ (ਅ) ਆਦਿਲ ਸ਼ਾਹ (ੲ) ਕ੍ਰਿਸ਼ਨ ਦੇਵ ਰਾਏ (ਸ) ਹਰੀਹਰ

48. ਬਾਹਮਨੀ ਸਲਤਨਤ ਦੀ ਨੀਂਹ 1347 ਈ ਵਿੱਚ ਹਸਨ ਗੰਗੂ ਨੇ ਕਿਥੇ ਰੱਖੀ?
(ੳ) ਦੌਲਤਾਬਾਦ (ਅ) ਬੀਦਰ (ੲ) ਗੁਲਬਰਗਾ (ਸ) ਬਾਹਮਨੀ

49. ਬਾਬਰ ਨੂੰ ਭਾਰਤ ਉਤੇ ਹਮਲਾ ਕਰਨ ਦਾ ਸੱਦਾ ਕਿਸ ਨੇ ਦਿੱਤਾ ਸੀ?
(ੳ) ਆਲਮ ਸ਼ਾਹ (ਅ) ਦੌਲਤਖਾਂ ਲੋਧੀ (ੲ) ਖਿਜਰਖਾਨ (ਸ) ਮੁਹੰਮਦ ਖਾਨ

50. ਬਾਬਰ ਅਫਗਾਨਿਸਤਾਨ ਦੇ ਕਿਸ ਕਸਬੇ ਦਾ ਰਹਿਣ ਵਾਲਾ ਸੀ?
(ੳ) ਪੇਸ਼ਾਵਰ (ਅ) ਤੋਰਾਬੋਰਾ (ੲ) ਕੰਧਾਰ (ਸ) ਕਾਬੁਲ

51. ਬਾਬਰ ਨੇ ਇਬਰਾਹੀਮ ਲੋਧੀ ਨੂੰ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਕਦੋਂ ਹਰਾਇਆ?
(ੳ) 1522 ਈ. (ਅ) 1525 ਈ. (ੲ) 1526 ਈ. (ਸ) 1528 ਈ.

52. ਭਾਰਤ ਵਿੱਚ ਮੁਗਲ ਸਾਮਰਾਜ ਦਾ ਪਹਿਲਾ ਸ਼ਾਸਕ ਕੌਣ ਸੀ?
(ੳ) ਅਕਬਰ (ਅ) ਸ਼ੇਰਸ਼ਾਹ ਸੂਰੀ (ੲ) ਹਮਾਯੂ (ਸ) ਬਾਬਰ

53. ਸ਼ੇਰਸ਼ਾਹ ਸੂਰੀ ਦਾ ਅਸਲੀ ਨਾਂ ਕੀ ਸੀ?
(ੳ) ਫਰੀਦਖ ਨ (ਅ) ਮੁਹੰਮਦ ਖਾਨ (ੲ) ਸ਼ਮਸੁਦੀਨ (ਸ) ਮੌਲਾ ਬਖਸ਼

54. ਸ਼ੇਰ ਸ਼ਾਹ ਸੂਰੀ ਨੇ ਹੁਮਾਯੂੰ ਨੂੰ ਕਿਹੜੇ ਸੰਨ ਵਿਚ ਹਰਾ ਕੇ ਭਾਰਤ ਤੋਂ ਬਾਹਰ ਕੱਢਿਆ ਸੀ?
(ੳ) 1525 ਈ. (ਅ) 1543 ਈ. (ੲ) 1555 ਈ. (ਸ) 1540 ਈ.

55. ਅਕਬਰ ਦੀ ਰਾਜਤਿਲਕ ਸਮੇਂ ਕਿੰਨੀ ਉਮਰ ਸੀ?
(ੳ) 14 ਸਾਲ (ਅ) 13 ਸਾਲ (ੲ) 15 ਸਾਲ (ਸ) 16 ਸਾਲ

56. ਅਕਬਰ ਦੇ ਰਾਜਤਿਲਕ ਸਮੇਂ ਉਸ ਦਾ ਸੈਨਾਪਤੀ ਕੌਣ ਸੀ?
(ੳ) ਬੈਰਮਖਾਂ (ਅ) ਆਰਮਖਾਂ (ੲ) ਫਰੀਦਖਾਂ (ਸ) ਨਜਾਮੂਦੀਨ

57. 1556 ਈ ਵਿਚ ਅਕਬਰ ਨੇ ਅਫਗਾਨਿਸਤਾਨ ਦੇ ਸੈਨਾਪਤੀ ਹੇਮੂ ਨੂੰ ............ ਦੇ ਮੈਦਾਨ ਵਿਚ ਹਰਾਇਆ।
(ੳ) ਆਗਰਾ (ਅ) ਦਿੱਲੀ (ੲ) ਬਿਹਾਰ (ਸ) ਪਾਨੀਪਤ

58. ਅਕਬਰ ਨੇ ਕਸ਼ਮੀਰ ਤੋਂ ਜਿੱਤ ਕਦੋਂ ਪ੍ਰਾਪਤ ਕੀਤੀ?
(ੳ) 1592 ਈ (ਅ) 1498 ਈ (ੲ) 1595 ਈ (ਸ) 1590 ਈ

59. ਅਕਬਰ ਨੇ ਕਿਸ ਰਾਜਪੂਤ ਰਾਜੇ ਦੀ ਲੜਕੀ ਨਾਲ ਵਿਆਹ ਕਰਵਾਇਆ?
(ੳ) ਪ੍ਰਿਥੀਚੰਦ (ਅ) ਜੈ ਸਿੰਘ (ੲ) ਚੇਤੰਨ ਸਿੰਘ (ਸ) ਰਾਜਾ ਮਾਨ ਸਿੰਘ

60. ਅਕਬਰ ਦੇ ਕੇਂਦਰੀ ਸ਼ਾਸਨ ਪ੍ਰਬੰਧ ਵਿਚ ਵਿੱਤ ਮੰਤਰੀ ਨੂੰ ਕੀ ਕਹਿੰਦੇ ਸਨ?
(ੳ) ਕਾਜੀ-ਉਲ ਕਜਾਤ (ਅ) ਦੀਵਾਨ-ਏ-ਆਲਾ (ੲ) ਮਾਲ ਅਧਿਕਾਰੀ (ਸ) ਵਜੀਰ

61. ਅਕਬਰ ਨੇ ਲਗਾਨ ਮੰਤਰੀ.......... ਦੀ ਸਹਾਇਤਾ ਨਾਲ ਭੂਮੀ ਸੁਧਾਰ ਕੀਤੇ।
(ੳ) ਰਾਜਾ ਟੋਡਰ ਮਲ (ਅ) ਰਾਜਾ ਮਾਨ ਸਿੰਘ (ੲ) ਬੀਰਬਲ (ਸ) ਤਾਨਸੇਨ

62. ਜਹਾਂਗੀਰ ਨੇ ਕਾਂਗੜੇ ਉਤੇ ਜਿੱਤ ਕਦੋਂ ਪ੍ਰਾਪਤ ਕੀਤੀ?
(ੳ) 1605 ਈ (ਅ) 1614 ਈ (ੲ) 1620 ਈ (ਸ) 1625 ਈ

63. ਜਹਾਂਗੀਰ ਦੀ ਪਤਨੀ ਦਾ ਨਾਂ ਕੀ ਸੀ?
(ੳ) ਮੁਮਤਾਜ ਮਹਿਲ (ਅ) ਨੂਰਜਹਾਂ (ੲ) ਸਮਸ਼ਾਦ ਬੇਗਮ (ਸ) ਬੇਗਮ ਆਲੀਆ

64. ਜਹਾਂਗੀਰ ਦੇ ਰਾਜਕਾਲ ਸਮੇਂ ਕਿਹੜਾ ਯੂਰਪੀਅਨ ਵਪਾਰੀ ਸਭ ਤੋਂ ਪਹਿਲਾਂ ਭਾਰਤ ਵਿੱਚ ਆਇਆ?
(ੳ) ਵਿਲੀਅਮ ਹਾਕਨਜ਼ (ਅ) ਸਰ ਥਾਮਸ ਰੋ (ੲ) ਲਾਰਡ ਡਲਹੋਜੀ (ਸ) ਲਾਰਡ ਕਾਨਵਾਲਿਸ

65. 1612 ਈ ਵਿੱਚ ਬ੍ਰਿਟਿਸ਼ ਨੇ ਭਾਰਤ ਵਿਚ .......... ਵਿਖੇ ਇਕ ਫੈਕਟਰੀ ਸਥਾਪਿਤ ਕੀਤੀ?
(ੳ) ਕਲਕੱਤਾ (ਅ) ਦਿੱਲੀ (ੲ) ਸੂਰਤ (ਸ) ਗੋਆ

66. ਸ਼ਾਹਜਹਾਂ ਕਿਹੜੇ ਸੰਨ ਵਿੱਚ ਦਿੱਲੀ ਦੀ ਰਾਜਗੱਦੀ ਉੱਤੇ ਬੈਠਿਆ?
(ੳ) 1628 ਈ (ਅ) 1605 ਈ (ੲ) 1621 ਈ (ਸ) 1625 ਈ

67. ਸ਼ਾਹਜਹਾਂ ਨੇ ਔਰੰਗਜੇਬ ਨੂੰ ਕਿਸ ਖੇਤਰ ਦਾ ਵਾਇਸ ਰਾਏ ਨਿਯੁਕਤ ਕੀਤਾ?
(ੳ) ਦੱਖਣੀ ਭਾਰਤ (ਅ) ਉੱਤਰੀ ਭਾਰਤ (ੲ) ਪੂਰਬੀ ਭਾਰਤ (ਸ) ਪੱਛਮੀ ਭਾਰਤ

68. ਸ਼ਾਹਜਹਾਂ ਨੇ ਆਗਰੇ ਵਿਚ ਕਿਹੜੀ ਵਿਸ਼ਵ ਪ੍ਰਸਿੱਧ ਇਮਾਰਤ ਬਣਵਾਈ?
(ੳ) ਲਾਲ ਕਿਲ੍ਹਾ (ਅ) ਜਾਮਾ ਮਸਜਿਦ (ੲ) ਤਾਜ ਮਹਿਲ (ਸ) ਇੰਡੀਆ ਗੇਟ

69. ਕਿਹੜੇ ਸੰਨ ਵਿਚ ਸ਼ਿਵਾਜੀ ਨੇ ਮਰਾਠਾ ਰਾਜ ਨੂੰ ਸੁਤੰਤਰ ਘੋਸ਼ਿਤ ਕੀਤਾ?
(ੳ) 1678 ਈ (ਅ) 1674 ਈ (ੲ) 1676 ਈ (ਸ) 1680 ਈ

70. ਗੁਰੂ ਤੇਗ ਬਹਾਦਰ ਜੀ ਨੂੰ ਕਿਸ ਤਾਰੀਖ ਨੂੰ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ?
(ੳ) 10 ਨਵੰਬਰ 1673 ਈ (ਅ) 11 ਨਵੰਬਰ 1675 ਈ (ੲ) 9 ਅਕਤੂਬਰ 1675 ਈ (ਸ) 20 ਨਵੰਬਰ 1675 ਈ

71. ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਦੋਂ ਕੀਤੀ?
(ੳ) 1693 ਈ (ਅ) 1692 ਈ (ੲ) 1700 ਈ (ਸ) 1699 ਈ

72. ਸਰਹਿੰਦ ਦੇ ਫੌਜਦਾਰ------ ਦੇ ਕਹਿਣ 'ਤੇ ਪਠਾਣ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪਿੱਠ ਵਿਚ ਛੁਰਾ ਖੋਭ ਦਿੱਤਾ।
(ੳ) ਵਜੀਰ ਖਾਂ (ਅ) ਮਹੱਬਤ ਖਾਂ (ੲ) ਬਹਾਦਰ ਖਾਂ (ਸ) ਦੌਲਤ ਖਾਂ

73. ਆਈਨ-ਏ-ਅਕਬਰੀ ਦਾ ਲੇਖਕ ਕੌਣ ਸੀ?
(ੳ) ਅਕਬਰ (ਅ) ਔਰੰਗਜੇਬ (ੲ) ਅਬੁਲ ਫਜ਼ਲ (ਸ) ਬੀਰਬਲ

74. ਈਰਾਨ ਦੇ ਸ਼ਾਸਕ ਨਾਦਰ ਸ਼ਾਹ ਨੇ ਭਾਰਤ ਉੱਤੇ ਹਮਲਾ ਕਦੋਂ ਕੀਤਾ?
(ੳ) 1699 ਈ (ਅ) 1740 ਈ (ੲ) 1742 ਈ (ਸ) 1739 ਈ

75. ਉੱਤਰੀ ਭਾਰਤ ਵਿਚ ਸਮਾਰਕ ਨਿਰਮਾਣ ਕਲਾ (800 ਈ ਤੋਂ 1200 ਈ ਤੱਕ) ਕਿਸ ਸ਼ੈਲੀ ਨਾਲ ਸਬੰਧਿਤ ਸੀ?
(ੳ) ਦਰਾਵਿੜ ਸ਼ੈਲੀ (ਅ) ਨਾਗਰਾ ਸ਼ੈਲੀ (ੲ) ਲਿੰਗਰਾਜ ਸ਼ੈਲੀ (ਸ) ਅਦੀਨਾ ਸ਼ੈਲੀ

76. ਐਲੋਰਾ ਵਿਖੇ ਕੈਲਾਸ਼ ਮੰਦਰ ਕਿਹੜੇ ਸ਼ਾਸਕਾਂ ਨੇ ਬਣਵਾਇਆ ਸੀ?
(ੳ) ਰਾਸ਼ਟਰਕੂਟ (ਅ) ਸੋਲਾਕੀ (ੲ) ਬਾਹਮਨੀ (ਸ) ਵਿਜੈਨਗਰ

77. ਹੇਠ ਲਿਖੇ ਮੰਦਰਾਂ ਵਿਚੋਂ ਦਰਾਵਿੜ ਸ਼ੈਲੀ ਨਿਰਮਾਣ ਕਲਾ ਨਾਲ ਕਿਹੜਾ ਮੰਦਰ ਸਬੰਧਿਤ ਹੈ?
(ੳ) ਲਿੰਗਰਾਜ ਮੰਦਰ (ਅ) ਕੋਨਾਰਕ ਮੰਦਰ (ੲ) ਤੇਜਪਾਲ ਮੰਦਰ (ਸ) ਰਾਜਰਜੇਸ਼ਵਰ ਮੰਦਰ

78. ਅਜਮੇਰ ਵਿਖੇ ਢਾਈ-ਦਿਨ-ਕਾ-ਝੌਂਪੜਾ ਨਾਂ ਦੀ ਮਸਜਿਦ ਕਿਹੜੇ ਸ਼ਾਸਕ ਨੇ ਬਣਵਾਈ?
(ੳ) ਅਕਬਰ (ਅ) ਕੁਤਬਦੀਨ ਐਬਕ (ੲ) ਬਲਬਨ (ਸ) ਇਲਤੁਤਮਿਸ਼

79. ਅਲਾਈ ਦਰਵਾਜ਼ਾ ਦਾ ਨਿਰਮਾਣ ਕਿਹੜੇ ਸ਼ਾਸਕ ਨੇ ਕਰਵਾਇਆ?
(ੳ) ਗਿਆਸਉਦੀਨ ਤੁਗਲਕ (ਅ) ਸਿਕੰਦਰ ਲੋਧੀ
(ੲ) ਅਲਾਉਦੀਨ ਖਿਲਜੀ (ਸ) ਕੁਤਬਦੀਨ ਐਬਕ

80. ਹੈਦਰਾਬਾਦ ਵਿਚ ਚਾਰਮੀਨਾਰ ਇਮਾਰਤ ਕਿਸ ਰਾਜਕਾਲ ਸਮੇਂ ਬਣੀ?
(ੳ) ਮੁਗਲ (ਅ) ਮੋਰੀਆ (ੲ) ਕੁਸ਼ਾਨ (ਸ) ਬਾਹਮਨੀ

81. ਅਕਬਰ ਨੇ ਬੁਲੰਦ ਦਰਵਾਜ਼ਾ ਕਿੱਥੇ ਬਣਵਾਇਆ?
(ੳ) ਆਗਰਾ (ਅ) ਫਤਹਿਪੁਰ ਸੀਕਰੀ (ੲ) ਜੈਪੁਰ (ਸ) ਦਿੱਲੀ

82. ਸ਼ਾਹਜਹਾਂ ਨੇ ਦਿੱਲੀ ਵਿਖੇ ਲਾਲ ਕਿਲ੍ਹਾ ਕਦੋਂ ਬਣਵਾਇਆ?
(ੳ) 1639 ਈ (ਅ) 1640 ਈ (ੲ) 1642 ਈ (ਸ) 1643 ਈ

83. ਤਾਜਮਹਿਲ ਕਿਹੜੇ ਪੱਥਰ ਦਾ ਬਣਿਆ ਹੋਇਆ ਹੈ?
(ੳ) ਚਿੱਟਾ ਸੰਗਮਰਮਰ (ਅ) ਕਾਲਾ ਸੰਗਮਰਮਰ (ੲ) ਲਾਲ ਪੱਥਰ (ਸ) ਚਿੱਤਰਮਿਤਰਾ

84. 1629 ਈ ਵਿਚ ਮੁਗਲ ਸਾਮਰਾਜ ਦਾ ਨਕਸ਼ਾ ਕਿਸ ਵਿਦੇਸ਼ੀ ਯਾਤਰੀ ਨੇ ਤਿਆਰ ਕੀਤਾ?
(ੳ) ਸਰ ਥਾਮਸ ਰੋ (ਅ) ਗਲਡ਼ ਫ਼ਿਜ (ੲ) ਹੋਨਡੀਊ (ਸ) ਵਿਲੀਅਮ ਬਾਫਿਨ

85. ਗੋਆ, ਕੁਚੀਨ ਅਤੇ ਸੂਰਤ------ ਸੀ।
(ੳ) ਤੀਰਥ ਸਥਾਨ (ਅ) ਦਰਬਾਰੀ ਨਗਰ (ੲ) ਵਪਾਰਕ ਨਗਰ (ਸ) ਬੰਦਰਗਾਹ ਨਗਰ

86. ਭਾਰਤ ਉੱਤੇ ਬਾਬਰ ਦੇ ਹਮਲੇ ਸਮੇਂ ਦੌਲਤ ਖਾਂ ਲੋਧੀ ਕਿੱਥੋਂ ਦਾ ਗਵਰਨਰ ਸੀ?
(ੳ) ਸਿੰਧ (ਅ) ਪੰਜਾਬ (ੲ) ਮੁਲਤਾਨ (ਸ) ਲਾਹੌਰ

87. ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਅਧਿਕਾਰ ਕਦੋਂ ਕੀਤਾ?
(ੳ) 1799 ਈ (ਅ) 1849 ਈ (ੲ) 1847 ਈ (ਸ) 1716 ਈ

88. ਅੰਮ੍ਰਿਤਸਰ ਦੀ ਨੀਂਹ ਸਿੱਖਾਂ ਦੇ ਕਿਸ ਗੁਰੂ ਨੇ ਰੱਖੀ ਸੀ?
(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਹਰਗੋਬਿੰਦ ਜੀ
(ੲ) ਸ੍ਰੀ ਗੁਰੂ ਰਾਮਦਾਸ ਜੀ (ਸ) ਸ੍ਰੀ ਗੁਰੂ ਹਰਰਾਏ ਜੀ

89. 1604 ਈ ਵਿਚ ਸਿੱਖਾਂ ਦੇ ਕਿਸ ਗੁਰੂ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ?
(ੳ) ਸ੍ਰੀ ਗੁਰੂ ਹਰਗੋਬਿੰਦ ਜੀ (ਅ) ਸ੍ਰੀ ਗੁਰੂ ਰਾਮਦਾਸ ਜੀ
(ੲ) ਸ੍ਰੀ ਗੁਰੂ ਤੇਗ ਬਹਾਦਰ ਜੀ (ਸ) ਸ੍ਰੀ ਗੁਰੂ ਅਰਜਨ ਦੇਵ ਜੀ

90. ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਸ੍ਰੀ ਅਕਾਲ ਤਖਤ ਦੀ ਸਥਾਪਨਾ ਕਿਸ ਗੁਰੂ ਸਹਿਬਾਨ ਨੇ ਕਰਵਾਈ?
(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਹਰਗੋਬਿੰਦ ਜੀ
(ੲ) ਸ੍ਰੀ ਗੁਰੂ ਹਰ ਰਾਏ ਜੀ (ਸ) ਸ੍ਰੀ ਗੁਰੂ ਤੇਗ ਬਹਾਦਰ ਜੀ

91. ਮੱਧਕਾਲੀਨ ਦੱਖਣੀ ਭਾਰਤ ਸਮਾਜ ਵਿਚ ਇਸਤਰੀਆਂ ਆਪਣੇ ਆਪ ਨੂੰ ਪਵਿੱਤਰ ਸਿੱਧ ਕਰਨ ਲਈ ਕਿਹੜੀ ਰਸਮ ਕਰਦੀਆਂ ਸਨ?
(ੳ) ਸਤੀ (ਅ) ਜੌਹਰ (ੲ) ਹਲਦੀ (ਸ) ਮਹਿੰਦੀ

92. ਸੁਫਾਕਾ------- ਵੰਸ਼ ਦਾ ਪਹਿਲਾ ਸ਼ਾਸਕ ਸੀ?
(ੳ) ਰਾਜਪੂਤ (ਅ) ਖਾਨਾਬਦੋਸ਼ (ੲ) ਗੋਡ (ਸ) ਅਹੋਮ

93 ਨਾਇਨਾਰ ਮਤ ਦੇ ਅਨੁਯਾਈ ਕਿਸ ਦੀ ਪ੍ਰਸ਼ੰਸਾ ਵਿਚ ਭਜਨ ਗਾਉਂਦੇ ਸਨ?
(ੳ) ਬ੍ਰਹਮਾ ਜੀ (ਅ) ਕ੍ਰਿਸ਼ਨ ਜੀ (ੲ) ਸ਼ਿਵ ਜੀ (ਸ) ਵਿਸ਼ਨੂ ਜੀ

94. ਮਾਧਵ ਦੱਖਣੀ ਭਾਰਤ ਵਿਚ----------- ਦੀ ਭਗਤੀ ਦਾ ਪ੍ਰਚਾਰ ਕਰਦੇ ਸਨ।
(ੳ) ਕ੍ਰਿਸ਼ਨ ਜੀ (ਅ) ਸ਼ਿਵ ਜੀ (ੲ) ਵਿਸ਼ਨੂ ਜੀ (ਸ) ਹਨੂੰਮਾਨ ਜੀ

95. ਇਸਲਾਮ ਧਰਮ ਦੇ ਮੋਢੀ ਹਜਰਤ ਮੁਹੰਮਦ ਦਾ ਜਨਮ ਕਦੋਂ ਹੋਇਆ?
(ੳ) 750 ਈ (ਅ) 450 ਈ (ੲ) 570 ਈ (ਸ) 470 ਈ

96. ਸ਼ੰਕਰਾਚਾਰੀਆਂ ਨੇ 9ਵੀਂ ਸਦੀ ਵਿਚ ਕਿਸ ਮਤ ਦੀ ਸਥਾਪਨਾ ਕੀਤੀ?
(ੳ) ਵੈਸ਼ਨਵ ਮਤ (ਅ) ਸ਼ਿਵ ਮਤ (ੲ) ਰਾਮ ਮਤ (ਸ) ਸ਼ੈਵ ਮਤ

97. 'ਦੀਨ ਇਲਾਹੀ' ਦੀ ਸਥਾਪਨਾ ਕਿਸ ਨੇ ਕੀਤੀ?
(ੳ) ਅਕਬਰ (ਅ) ਸ਼ਾਹਜਹਾਂ (ੲ) ਹੁਮਾਯੂੰ (ਸ) ਬਾਬਰ

98. ਅਜਮੇਰ ਵਿਖੇ ਕਿਸ ਸੂਫੀ ਸੰਤ ਦੀ ਦਰਗਾਹ ਹੈ?
(ੳ) ਸ਼ੇਖ ਕੁਤਬਉਦੀਨ (ਅ) ਸ਼ੇਖ ਫਰੀਦ
(ੲ) ਹਜਰਤ ਖਵਾਜ਼ਾ ਮੁਈਨੁਦੀਨ ਚਿਸਤੀ (ਸ) ਹਜਰਤ ਨਿਜਾਮੁਦੀਨ ਔਲੀਆ

99. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ ਸੀ?
(ੳ) 1569 ਈ (ਅ) 1469 ਈ (ੲ) 1459 ਈ (ਸ) 1470 ਈ

100. ਸੰਤ ਰਵੀਦਾਸ ਦਾ ਜਨਮ----- ਵਿਚ ਹੋਇਆ ਸੀ।
(ੳ) ਬੰਗਾਲ (ਅ) ਉੜੀਸਾ (ੲ) ਮਥੁਰਾ (ਸ) ਬਨਾਰਸ

## ਉੱਤਰ ਕੁੰਜੀ

| | | | | | | | |
|---|---|---|---|---|---|---|---|
| 1. (ਅ) | 2. (ੲ) | 3. (ੳ) | 4. (ਸ) | 5. (ਸ) | 6. (ੲ) | 7. (ਅ) | 8. (ਅ) |
| 9. (ਅ) | 10. (ਅ) | 11. (ੲ) | 12. (ੳ) | 13. (ਅ) | 14. (ਸ) | 15. (ੲ) | 16. (ੳ) |
| 17. (ਸ) | 18. (ੳ) | 19. (ਅ) | 20. (ਸ) | 21. (ੳ) | 22. (ਸ) | 23. (ੳ) | 24. (ੲ) |
| 25. (ਅ) | 26. (ੳ) | 27. (ੲ) | 28. (ੳ) | 29. (ੲ) | 30. (ਅ) | 31. (ੳ) | 32. (ਅ) |
| 33. (ਸ) | 34. (ੲ) | 35. (ਸ) | 36. (ੳ) | 37. (ਅ) | 38. (ੲ) | 39. (ੲ) | 40. (ਅ) |
| 41. (ਸ) | 42. (ੲ) | 43. (ੳ) | 44. (ਅ) | 45. (ਸ) | 46. (ਅ) | 47. (ੲ) | 48. (ੳ) |
| 49. (ਅ) | 50. (ਸ) | 51. (ੲ) | 52. (ਸ) | 53. (ੳ) | 54. (ਸ) | 55. (ਅ) | 56. (ੳ) |
| 57. (ਸ) | 58. (ੲ) | 59. (ਸ) | 60. (ਅ) | 61. (ੳ) | 62. (ੲ) | 63. (ਅ) | 64. (ੳ) |
| 65. (ੲ) | 66. (ੳ) | 67. (ੳ) | 68. (ੲ) | 69. (ਅ) | 70. (ਅ) | 71. (ਸ) | 72. (ੳ) |
| 73. (ੲ) | 74. (ਸ) | 75. (ਅ) | 76. (ੳ) | 77. (ਸ) | 78. (ਅ) | 79. (ੲ) | 80. (ਸ) |
| 81. (ਅ) | 82. (ੳ) | 83. (ੳ) | 84. (ੲ) | 85. (ਸ) | 86. (ਅ) | 87. (ੳ) | 88. (ੲ) |
| 89. (ਸ) | 90. (ਅ) | 91. (ਅ) | 92. (ਸ) | 93. (ੲ) | 94. (ੳ) | 95. (ੲ) | 96. (ਸ) |
| 97. (ੳ) | 98. (ੲ) | 99. (ਅ) | 100. (ਸ) | | | | |

## ਇਤਿਹਾਸ-ਅੱਠਵੀਂ

1. ਭਾਰਤ ਵਿਚ ਆਧੁਨਿਕ ਕਾਲ ਦਾ ਆਰੰਭ 18ਵੀਂ ਸਦੀ ਵਿਚ ਕਿਸ ਮੁਗਲ ਬਾਦਸ਼ਾਹ ਦੀ ਮੌਤ ਪਿੱਛੋਂ ਹੋਇਆ?
   (ੳ) ਬਹਾਦਰ ਸ਼ਾਹ (ਅ) ਔਰੰਗਜੇਬ (ੲ) ਨਾਦਰ ਸ਼ਾਹ (ਸ) ਅਕਬਰ
2. ਯੂਰਪ ਵਿਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?
   (ੳ) 19ਵੀਂ ਸਦੀ (ਅ) 18ਵੀਂ ਸਦੀ (ੲ) 16ਵੀਂ ਸਦੀ (ਸ) 20ਵੀਂ ਸਦੀ
3. ਭਾਰਤ ਕਦੋਂ ਆਜ਼ਾਦ ਹੋਇਆ
   (ੳ) 1947 (ਅ) 1948 (ੲ) 1946 (ਸ) 1945
4. ਭਾਰਤੀ ਇਤਿਹਾਸ ਵਿਚ---------ਸਦੀ ਨੂੰ ਹਨੇਰ ਯੁਗ ਸਮਝਿਆ ਜਾਂਦਾ ਹੈ?
   (ੳ) 19ਵੀਂ ਸਦੀ (ਅ) 16ਵੀਂ ਸਦੀ (ੲ) 20ਵੀਂ ਸਦੀ (ਸ) 18ਵੀਂ ਸਦੀ
5. ਅਵਧ ਨੂੰ ਸੁਤੰਤਰ ਰਾਜ ਕਦੋਂ ਘੋਸ਼ਿਤ ਕੀਤਾ ਗਿਆ?
   (ੳ) 1739 ਈ (ਅ) 1730 ਈ (ੲ) 1724 ਈ (ਸ) 1738 ਈ
6. ਹੈਦਰਾਬਾਦ ਸੁਤੰਤਰ ਰਾਜ ਦੀ ਨੀਂਹ ਕਦੋਂ ਰੱਖੀ ਗਈ?
   (ੳ) 1723 ਈ (ਅ) 1724 ਈ (ੲ) 1725 ਈ (ਸ) 1721 ਈ
7. ਰਾਸ਼ਟਰਪਤੀ ਭਵਨ ਕਿੱਥੇ ਸਥਿਤ ਹੈ?
   (ੳ) ਮੁੰਬਈ (ਅ) ਚੰਡੀਗੜ੍ਹ (ੲ) ਦਿੱਲੀ (ਸ) ਹੈਦਰਾਬਾਦ
8. ਭਾਰਤ ਵਿਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਕਦੋਂ ਹੋਈ?
   (ੳ) 31 ਦਸੰਬਰ 1600 ਈ (ਅ) 21 ਦਸੰਬਰ 1600 ਈ (ੲ) 30 ਨਵੰਬਰ 1600 ਈ (ਸ) 30 ਅਕਤੂਬਰ 1600 ਈ
9. ਫੋਰਟ ਵਿਲੀਅਮ ਨਾਂ ਦੇ ਕਿਲ੍ਹੇ ਦੀ ਉਸਾਰੀ ਕਿੱਥੇ ਕੀਤੀ ਗਈ?
   (ੳ) ਬੰਗਾਲ (ਅ) ਬਿਹਾਰ (ੲ) ਦਿੱਲੀ (ਸ) ਕਲਕੱਤੇ
10. ਫਰਾਂਸੀਸੀਆਂ ਨੇ ਭਾਰਤ ਵਿਚ ਆਪਣੀ ਵਪਾਰਕ ਕੰਪਨੀ ਦੀ ਸਥਾਪਨਾ ਕਦੋਂ ਕੀਤੀ?
    (ੳ) 1664 ਈ (ਅ) 1665 ਈ (ੲ) 1667 ਈ (ਸ) 1660 ਈ
11. ਡੂਮਾ ਅਤੇ ਡੂਪਲੇ-------- ਗਵਰਨਰ ਸਨ।
    (ੳ) ਪੁਰਤਗਾਲੀ (ਅ) ਅੰਗਰੇਜ਼ (ੲ) ਫਰਾਂਸੀਸੀ (ਸ) ਅਰਬੀ
12. ਵਾਸਕੋ-ਡੇ-ਗਾਮਾ 1498 ਈ ਨੂੰ ਭਾਰਤ ਵਿਚ---------- ਵਿਖੇ ਪਹੁੰਚਿਆ।
    (ੳ) ਕਾਲੀਕਤ (ਅ) ਸੂਰਤ (ੲ) ਗੋਆ (ਸ) ਕੋਚੀਨ
13. 1763 ਈ ਵਿਚ---------ਦੀ ਸੰਧੀ ਨਾਲ ਕਰਨਾਟਕ ਯੁੱਧ ਦਾ ਅੰਤ ਹੋਇਆ।
    (ੳ) ਇੰਗਲੈਂਡ (ਅ) ਪੈਰਿਸ (ੲ) ਹੈਦਰਾਬਾਦ (ਸ) ਬੰਗਾਲ

14. ਕਰਨਾਟਕ ਦਾ ਯੁੱਧ ਕਦੋਂ ਹੋਇਆ?
(ੳ) 1745 ਤੋਂ 1760 (ਅ) 1746 ਤੋਂ 1763 (ੲ) 1745 ਤੋਂ 1762 (ਸ) 1743 ਤੋਂ 1761

15. ਕਰਨਾਟਕ ਦੇ ਯੁੱਧ ਕਿਸ-ਕਿਸ ਦੇ ਵਿਚਕਾਰ ਹੋਏ?
(ੳ) ਡੱਚ ਅਤੇ ਅੰਗਰੇਜ਼ (ਅ) ਪੁਰਤਗਾਲੀ ਅਤੇ ਅੰਗਰੇਜ਼
(ੲ) ਅੰਗਰੇਜ਼ ਅਤੇ ਫਰਾਂਸੀਸੀਆਂ (ਸ) ਡੱਚ ਅਤੇ ਪੁਰਤਗਾਲੀ

16. ਭਾਰਤ ਵਿਚ ਪੁਰਤਗਾਲੀਆਂ ਦੀ ਬਸਤੀ ਦਾ ਨਾ ਦਸੋ?
(ੳ) ਦਿੱਲੀ (ਅ) ਦਮਨ (ੲ) ਕੋਚੀਨ (ਸ) ਸੂਰਤ

17. ................ ਡੱਚਾ ਦੀ ਭਾਰਤ ਵਿੱਚ ਬਸਤੀ ਸੀ।
(ੳ) ਕੋਚੀਨ (ਅ) ਗੋਆ (ੲ) ਬਾਸੀਨ (ਸ) ਕਲਕੱਤਾ

18. ਅੰਗਰੇਜ਼ਾਂ ਨੂੰ ਬੰਗਾਲ ਵਿਚ ਵਪਾਰਕ ਸਹੂਲਤਾਂ ਕਿਸ ਮੁਗਲ ਬਾਦਸ਼ਾਹ ਨੇ ਦਿੱਤੀਆਂ?
(ੳ) ਬਹਾਦਰਸ਼ਾਹ (ਅ) ਜਹਾਂਗੀਰ (ੲ) ਫਰੁਖਸੀਅਰ (ਸ) ਸ਼ਾਹਜਹਾਂ

19. ਅੰਗਰੇਜ਼ਾਂ ਨੇ ............... ਨੂੰ ਰਾਜਗੱਦੀ ਤੋਂ ਲਾਹੁਣ ਦੀ ਕੋਸ਼ਿਸ਼ ਕੀਤੀ ਜੋ ਕਿ ਪਲਾਸੀ ਦੀ ਲੜਾਈ ਦਾ ਕਾਰਨ ਬਣੀ।
(ੳ) ਮੀਰ ਕਾਸਿਮ (ਅ) ਸ਼ਾਹ ਆਲਮ (ੲ) ਆਸਿਫ ਸ਼ਾਹ (ਸ) ਸਿਰਾਜੁਦੌਲਾ

20. ਪਲਾਸੀ ਦੀ ਲੜਾਈ ਕਦੋਂ ਹੋਈ?
(ੳ) 23 ਮਈ, 1757 (ਅ) 23 ਮਈ, 1756 (ੲ) 23 ਜੂਨ, 1756 (ਸ) 23 ਜੂਨ, 1757

21. ਪਲਾਸੀ ਦੀ ਲੜਾਈ ਕਿਸ-ਕਿਸ ਦੇ ਵਿਚਕਾਰ ਹੋਈ?
(ੳ) ਨਵਾਬ ਸਿਰਾਜੁਦੌਲਾ ਅਤੇ ਅੰਗਰੇਜ਼ਾਂ (ਅ) ਮੀਰ ਕਾਸਿਮ ਅਤੇ ਸ਼ਾਹ ਆਲਮ
(ੲ) ਸ਼ਾਹ ਆਲਮ ਅਤੇ ਅੰਗਰੇਜ਼ਾਂ (ਸ) ਮੀਰ ਕਾਸਿਮ ਅਤੇ ਅੰਗਰੇਜ਼ਾਂ

22. ਪਲਾਸੀ ਦੀ ਲੜਾਈ ਵਿਚ ਕਿਸ ਦੀ ਜਿੱਤ ਹੋਈ?
(ੳ) ਸਿਰਜੁਦੌਲਾ (ਅ) ਅੰਗਰੇਜ਼ਾਂ (ੲ) ਸ਼ਾਹ ਆਲਮ (ਸ) ਮੀਰ ਕਾਸਿਮ

23. ਬਕਸਰ ਦੀ ਲੜਾਈ ਕਦੋਂ ਹੋਈ?
(ੳ) 1764 ਈ (ਅ) 1765 ਈ (ੲ) 1757 ਈ (ਸ) 1766 ਈ

24. ਬਕਸਰ ਦੀ ਲੜਾਈ ਕਿਸ ਦੇ ਵਿਚਕਾਰ ਹੋਈ?
(ੳ) ਸੁਜਾਉਦੌਲਾ ਅਤੇ ਸ਼ਾਹ ਆਲਮ (ਅ) ਮੀਰ ਕਾਸਿਮ ਅਤੇ ਸੁਜਾਉਦੌਲਾ
(ੲ) ਮੀਰ ਕਾਸਿਮ ਅਤੇ ਸ਼ਾਹ ਆਲਮ (ਸ) ਸੁਜਾਉਦੌਲਾ ਅਤੇ ਅੰਗਰੇਜ਼

25. ਬਕਸਰ ਦੀ ਲੜਾਈ ਤੋਂ ਬਾਅਦ .......... ਬੰਗਾਲ ਦਾ ਨਵਾਬ ਬਣਿਆ
(ੳ) ਮੀਰ ਜਾਫਰ (ਅ) ਮੀਰ ਕਾਸਿਮ (ੲ) ਸ਼ਾਹ ਆਲਮ (ਸ) ਸੁਜਾਉਦੌਲਾ

26. ਬੰਗਾਲ ਵਿੱਚ ਦੋਹਰੀ ਸ਼ਾਸਨ ਪ੍ਰਣਾਲੀ ਕਦੋਂ ਖਤਮ ਕਰ ਦਿੱਤੀ ਗਈ?
(ੳ) 1774 ਈ (ਅ) 1772 ਈ (ੲ) 1765 ਈ (ਸ) 1764 ਈ

27. ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਲਈ ਸਹਾਇਕ ਸੰਧੀ ਪ੍ਰਣਾਲੀ ਕਿਸ ਨੇ ਸ਼ੁਰੂ ਕੀਤੀ?
(ੳ) ਲਾਰਡ ਵੈਲਜਲੀ (ਅ) ਲਾਰਡ ਕਾਲਾਈਵ (ੲ) ਵਾਰਨ ਹੇਸਟਿੰਗਜ਼ (ਸ) ਲਾਰਡ ਕਾਰਨਵਾਲਿਸ

28. ਅੰਗਰੇਜ਼-ਮਰਾਠਾ ਯੁੱਧ ਦੌਰਾਨ ਲਾਰਡ ਵੈਲਜ਼ਲੀ ਨੇ ਜਸਵੰਤ ਰਾਉ ਹੋਲਕਰ ਦੀ ਰਾਜਧਾਨੀ ............ 'ਤੇ ਕਬਜ਼ਾ ਕਰ ਲਿਆ।
(ੳ) ਪੂਨਾ (ਅ) ਕਟਕ (ੲ) ਭੋਪਾਲ (ਸ) ਇੰਦੌਰ

29. ਲੈਪਸ ਦੀ ਨੀਤੀ ਕਿਸ ਨੇ ਚਲਾਈ ਸੀ ?
(ੳ) ਲਾਰਡ ਕਲਾਇਵ (ਅ) ਲਾਰਡ ਵੈਲਜਲੀ (ੲ) ਲਾਰਡ ਡਲਹੌਜੀ (ਸ) ਲਾਰਡ ਹੇਸਟਿੰਗਜ

30. ਲਾਰਡ ਡਲਹੌਜੀ ਨੇ 1856 ਈ ਵਿੱਚ ਕਿਸ ਰਿਆਸਤ ਤੇ ਭੈੜੇ ਸ਼ਾਸਨ ਪ੍ਰਬੰਧ ਦਾ ਦੋਸ਼ ਲਗਾ ਕੇ ਉਸ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾ ਲਿਆ?
(ੳ) ਕਰਨਾਟਕ (ਅ) ਅਵੱਧ (ੲ) ਪੂਨਾ (ਸ) ਤੰਜੌਰ

31. ਦੂਜੇ ਅੰਗਰੇਜ਼-ਸਿੱਖ ਯੁੱਧ ਦੌਰਾਨ ਭਾਰਤ ਦਾ ਗਵਰਨਰ ਜਨਰਲ ਕੌਣ ਸੀ?
(ੳ) ਲਾਰਡ ਹਾਰਡਿੰਗ (ਅ) ਲਾਰਡ ਆਕਲੈਂਡ (ੲ) ਲਾਰਡ ਡਲਹੌਜੀ (ਸ) ਲਾਰਡ ਹੇਸਟਿੰਗਜ਼

32. ਰੈਗੂਲੇਟਿੰਗ ਐਕਟ ਕਦੋਂ ਪਾਸ ਕੀਤਾ ਗਿਆ?
(ੳ) 1773 ਈ (ਅ) 1763 ਈ (ੲ) 1764 ਈ (ਸ) 1774 ਈ

33. ਕਿਸ ਐਕਟ ਦੁਆਰਾ ਬ੍ਰਿਟਿਸ਼ ਸੰਸਦ ਨੇ ਭਾਰਤ ਵਿੱਚ ਕੰਪਨੀ ਦੇ ਕੰਮਾਂ ਦੀ ਜਾਂਚ ਕਰਨ ਦਾ ਅਧਿਕਾਰ ਪ੍ਰਾਪਤ ਕੀਤਾ।
(ੳ) ਪਿਟਸ ਇੰਡੀਆ ਐਕਟ (ਅ) ਰੈਗੂਲੇਟਿੰਗ ਐਕਟ
(ੲ) ਚਾਰਟਰ ਐਕਟ 1833 ਈ (ਸ) ਚਾਰਟਰ ਐਕਟ 1853 ਈ

34. ਬੋਰਡ ਆਫ ਕੰਟਰੋਲ ਕਿਸ ਐਕਟ ਅਧੀਨ ਬਣਿਆ?
(ੳ) ਰੈਗੂਲੇਟਿੰਗ ਐਕਟ (ਅ) ਕੰਟਰੋਲ ਐਕਟ (ੲ) ਪਿਟਸ ਇੰਡੀਆ ਐਕਟ (ਸ) ਚਾਰਟਰ ਐਕਟ

35. ਪਿਟਸ ਇੰਡੀਆ ਐਕਟ ਕਦੋਂ ਬਣਿਆ?
(ੳ) 1784 ਈ (ਅ) 1783 ਈ (ੲ) 1781 ਈ (ਸ) 1782 ਈ

36. ਕਿਸ ਐਕਟ ਨੇ ਪ੍ਰੈਜ਼ੀਡੈਂਸੀਆਂ ਦੀਆਂ ਸਰਕਾਰਾਂ ਨੂੰ ਕਾਨੂੰਨ ਬਣਾਉਣ ਦੇ ਅਧਿਕਾਰ ਤੋਂ ਵਾਂਝਿਆ ਕਰ ਦਿੱਤਾ।
(ੳ) ਪਿਟਸ ਇੰਡੀਆ ਐਕਟ (ਅ) ਚਾਰਟਰ ਐਕਟ 1833 ਈ
(ੲ) ਰੈਗੂਲੇਟਿੰਗ ਐਕਟ (ਸ) ਚਾਰਟਰ ਐਕਟ 1853 ਈ

37. ਭਾਰਤ ਵਿਚ ਸਿਵਿਲ ਸਰਵਿਸ ਦਾ ਮੋਢੀ ਕੌਣ ਸੀ?
(ੳ) ਲਾਰਡ ਵੈਲਜ਼ਲੀ (ਅ) ਲਾਰਡ ਹੈਸਟਿੰਗਜ (ੲ) ਲਾਰਡ ਕਲਾਇਵ (ਸ) ਲਾਰਡ ਕਾਰਨਵਾਲਿਸ

38. 1863 ਈਂ ਵਿਚ............. ਨਾਮੀ ਪਹਿਲਾ ਭਾਰਤੀ ਸਿਵਿਲ ਸਰਵਿਸ ਦੀ ਪ੍ਰੀਖਿਆ ਵਿੱਚ ਸਫਲ ਹੋਇਆ।
(ੳ) ਜਵਾਹਰਲਾਲ ਨਹਿਰੂ (ਅ) ਰਬਿੰਦਰ ਨਾਥ ਟੈਗੋਰ (ੲ) ਸਤਿੰਦਰ ਨਾਥ ਟੈਗੋਰ (ਸ) ਸੁਭਾਸ਼ ਚੰਦਰ ਬੋਸ

39. ਇੰਗਲੈਂਡ ਵਿਚ ਹੈਲੀਬਰੀ ਕਾਲਜ ਕਿਸ ਨੇ ਖੋਲਿਆ?
(ੳ) ਲਾਰਡ ਵਿਲੀਅਮ (ਅ) ਲਾਰਡ ਹਾਰਡਿੰਗ (ੲ) ਵਾਰਨ ਹੈਸਟਿੰਗਜ (ਸ) ਲਾਰਡ ਕਾਰਨਵਾਲਿਸ

40. 1886 ਈ. ਵਿਚ ਭਾਰਤ ਦੇ ਕਿਸ ਵਾਇਸਰਾਏ ਨੇ 15 ਮੈਂਬਰੀ ਪਬਲਿਕ ਸਰਵਿਸ ਕਮਿਸ਼ਨ ਨਿਯੁਕਤ ਕੀਤਾ?
(ੳ) ਲਾਰਡ ਡਲਹੌਜ਼ੀ (ਅ) ਲਾਰਡ ਕਾਰਨਵਾਲਿਸ (ੲ) ਲਾਰਡ ਰਿਪਨ (ਸ) ਲਾਰਡ ਹੇਸਟਿੰਗਜ਼

41. ਕਿਹੜੇ ਗਵਰਨਰ ਜਨਰਲ ਨੇ ਪੁਲਿਸ ਵਿਭਾਗ ਵਿਚ ਸੁਧਾਰ ਕੀਤੇ?
(ੳ) ਲਾਰਡ ਕਾਰਨਵਾਲਿਸ (ਅ) ਲਾਰਡ ਡਲਹੌਜੀ (ੲ) ਲਾਰਡ ਹੇਸਟਿੰਗਜ਼ (ਸ) ਲਾਰਡ ਰਿਪਨ

42. 1773 ਈ ਦੇ ਰੈਗੂਲੇਟਿੰਗ ਐਕਟ ਅਨੁਸਾਰ.............. ਵਿੱਚ ਸਰਵਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ?
(ੳ) ਪੂਨਾ (ਅ) ਦਿੱਲੀ (ੲ) ਬੰਬਈ (ਸ) ਕੱਲਕਤੇ

43. ਇੰਡੀਅਨ ਲਾ-ਕਮਿਸ਼ਨ ਦੀ ਸਥਾਪਨਾ ਕਦੋਂ ਹੋਈ?
(ੳ) 1832 ਈ (ਅ) 1834 ਈ (ੲ) 1833 ਈ (ਸ) 1843 ਈ

44. ਬੰਗਾਲ ਵਿਚ ਜੂਰੀ ਪ੍ਰਥਾ ਦੀ ਸਥਾਪਨਾ ਕਿਸ ਨੇ ਕੀਤੀ?
(ੳ) ਲਾਰਡ ਰਿਪਨ (ਅ) ਲਾਰਡ ਵਿਲੀਅਮ ਬੈਂਟਿੰਕ
(ੲ) ਲਾਰਡ ਹੇਸਟਿੰਗਜ (ਸ) ਲਾਰਡ ਹਾਰਡਿੰਗ

45. ਸਥਾਈ ਬੰਦੋਬਸਤ ਪ੍ਰਬੰਧ ਕਿਸ ਨੇ ਸ਼ੁਰੂ ਕੀਤਾ?
(ੳ) ਲਾਰਡ ਵਿਲੀਅਮ ਬੈਂਟਿੰਕ (ਅ) ਲਾਰਡ ਰਿਪਨ
(ੲ) ਲਾਰਡ ਡਲਹੌਜੀ (ਸ) ਲਾਰਡ ਕਾਰਨਵਾਲਿਸ

46. ਸਥਾਈ ਬੰਦੋਬਸਤ ਕਿੱਥੇ ਸ਼ੁਰੂ ਕੀਤਾ ਗਿਆ?
(ੳ) ਬੰਗਾਲ (ਅ) ਅਵਧ (ੲ) ਦਿੱਲੀ (ਸ) ਕਰਨਾਟਕ

47. ਰੱਈਅਤਵਾੜੀ ਪ੍ਰਬੰਧ ਕਿਸ ਨੇ ਸ਼ੁਰੂ ਕੀਤਾ?
(ੳ) ਥਾਮਸ ਮੁਨਰੋ (ਅ) ਲਾਰਡ ਰਿਪਨ (ੲ) ਲਾਰਡ ਹਾਰਡਿੰਗ (ਸ) ਲਾਰਡ ਕਾਰਨਵਾਲਿਸ

48. ਰੱਈਅਤਵਾੜੀ ਪ੍ਰਬੰਧ ਕਦੋਂ ਸ਼ੁਰੂ ਕੀਤਾ ਗਿਆ?
(ੳ) 1810 ਈ (ਅ) 1820 ਈ (ੲ) 1802 ਈ (ਸ) 1807 ਈ

49. ਰੱਈਅਤਵਾੜੀ ਪ੍ਰਬੰਧ ਵਿੱਚ ਲਗਾਨ ਦੀ ਰਾਸ਼ੀ ਕਿੰਨੇ ਸਾਲ ਬਾਅਦ ਵਧਾਈ ਜਾਂਦੀ ਸੀ?
(ੳ) 10 ਤੋਂ 20 ਸਾਲਾਂ ਬਾਅਦ (ਅ) 5 ਤੋਂ 15 ਬਾਅਦ
(ੲ) 20 ਤੋਂ 30 ਸਾਲਾਂ ਬਾਅਦ (ਸ) 25 ਤੋਂ 30 ਸਾਲਾਂ ਬਾਅਦ

50. ਮਹਿਲਵਾੜੀ ਪ੍ਰਬੰਧ ਦਾ ਮੁੱਖ ਦੋਸ਼ ਕੀ ਸੀ?
(ੳ) ਬਹੁਤ ਜ਼ਿਆਦਾ ਲਗਾਨ ਦੇਣਾ (ਅ) ਬਹੁਤ ਘੱਟ ਲਗਾਨ ਦੇਣਾ
(ੲ) ਕਿਸਾਨਾਂ ਦਾ ਸ਼ੋਸ਼ਣ (ਸ) ਜ਼ਿੰਮੀਦਾਰਾਂ ਦਾ ਸ਼ੋਸ਼ਣ

51. ਬੰਗਾਲ ਵਿਚ ਨੀਲ ਵਿਦਰੋਹ ਕਦੋਂ ਹੋਇਆ ਸੀ?
(ੳ) 1857 ਈ ਤੋਂ 1867 ਈ (ਅ) 1866 ਈ ਤੋਂ 1876 ਈ
(ੲ) 1858 ਈ ਤੋਂ 1860 ਈ (ਸ) 1857 ਈ ਤੋਂ 1860 ਈ
52. ਨੀਲ ਵਿਦਰੋਹ ਨਾਲ ਕਿਸ ਤਬਕੇ ਦੇ ਲੋਕਾਂ ਦਾ ਸਬੰਧ ਸੀ?
(ੳ) ਕਿਸਾਨ (ਅ) ਸੈਨਿਕ (ੲ) ਪੁਲਿਸ (ਸ) ਸਿਵਲ ਸਰਵਿਸ
53. .............. ਨੇ ਨੀਲ ਕਿਸਾਨਾਂ ਦਾ ਪੱਖ ਸਮਰਥਨ ਕੀਤਾ?
(ੳ) ਸੁਭਾਸ਼ ਚੰਦਰ ਬੋਸ (ਅ) ਜਵਾਹਰ ਲਾਲ ਨਹਿਰੂ (ੲ) ਮਹਾਤਮਾ ਗਾਂਧੀ (ਸ) ਲਾਲ ਬਹਾਦਰ ਸ਼ਾਸਤਰੀ
54. ਕਬਾਇਲੀ ਸਮਾਜ ਤੋਂ ਕੀ ਭਾਵ ਹੈ?
(ੳ) ਆਦਿਵਾਸੀ ਲੋਕ (ਅ) ਅਨਪੜ ਲੋਕ (ੲ) ਅਮੀਰ ਲੋਕ (ਸ) ਗਰੀਬ ਲੋਕ
55. ਕਿਸ ਕਬੀਲੇ ਦੀ ਗਿਣਤੀ ਸਭ ਤੋਂ ਵੱਧ ਸੀ?
(ੳ) ਸੰਥਾਲ (ਅ) ਮਿਜ਼ੋ (ੲ) ਭੀਲ (ਸ) ਗੋਂਡ
56. ਖਾਸੀਸ ਕਬੀਲੇ ਦਾ ਮੋਢੀ ਕੌਣ ਸੀ?
(ੳ) ਭੋਟਸ (ਅ) ਸੰਤਾ ਸਿੰਘ (ੲ) ਤੀਰੁਤ ਸਿੰਘ (ਸ) ਚਤੁਰ ਸਿੰਘ
57. 1820 ਈ. ਵਿਚ ਛੋਟਾ ਨਾਗਪੁਰ ਇਲਾਕੇ ਵਿਚ ਸਭ ਤੋਂ ਪਹਿਲਾ ਕਿਸ ਕਬੀਲੇ ਨੇ ਅੰਗਰੇਜਾਂ ਵਿਰੁਧ ਵਿਦਰੋਹ ਕੀਤਾ?
(ੳ) ਮੁੰਡਾ (ਅ) ਕੋਲ (ੲ) ਖਰੋਂਧ (ਸ) ਖਾਸੀਸ
58. ਭਾਰਤ ਵਿੱਚ ਸੂਤੀ ਕਪੜੇ ਦਾ ਪਹਿਲਾ ਉਦਯੋਗ ਕਿਥੇ ਲਗਾਇਆ ਗਿਆ?
(ੳ) ਮੁੰਬਈ (ਅ) ਸੈਰਮਪੁਰ (ੲ) ਅਹਿਮਦਾਬਾਦ (ਸ) ਨਾਗਪੁਰ
59. ਭਾਰਤ ਵਿਚ ਸੂਤੀ ਕਪੜੇ ਦਾ ਪਹਿਲਾ ਉਦਯੋਗ ਕਦੋਂ ਲਗਾਇਆ ਗਿਆ?
(ੳ) 1854 ਈ (ਅ) 1852 ਈ (ੲ) 1858 ਈ (ਸ) 1853 ਈ
60. ਭਾਰਤ ਵਿੱਚ ਪਟਸਨ ਉਦਯੋਗ ਦਾ ਪਹਿਲਾ ਕਾਰਖਾਨਾ ਕਦੋਂ ਲਗਾਇਆ ਗਿਆ ?
(ੳ) 1877 ਈ (ਅ) 1854 ਈ (ੲ) 1857 ਈ (ਸ) 1850 ਈ
61. ਭਾਰਤ ਵਿਚ ਪਟਸਨ ਦਾ ਪਹਿਲਾ ਕਾਰਖਾਨਾ ਕਿੱਥੇ ਲਗਾਇਆ ਗਿਆ?
(ੳ) ਬਿਹਾਰ (ਅ) ਆਸਾਮ (ੲ) ਸੈਰਮਪੁਰ (ਸ) ਮੁੰਬਈ
62. 1890 ਈ ਵਿਚ ਕਾਫੀ ਦਾ ਪਹਿਲਾ ਬਾਗ ਭਾਰਤ ਵਿਚ ਕਿਥੇ ਲਗਾਇਆ ਗਿਆ?
(ੳ) ਦੱਖਣੀ ਭਾਰਤ (ਅ) ਮੁੰਬਈ (ੲ) ਬੰਗਾਲ (ਸ) ਨਾਗਪੁਰ
63. 1852 ਈ ਵਿੱਚ ਚਾਹ ਦਾ ਪਹਿਲਾ ਬਾਗ ਭਾਰਤ ਵਿੱਚ ਕਿੱਥੇ ਲਗਾਇਆ ਗਿਆ ?
(ੳ) ਦੱਖਣੀ ਭਾਰਤ (ਅ) ਬੰਗਾਲ (ੲ) ਆਸਾਮ (ਸ) ਮੈਸੂਰ
64. 1857 ਈ. ਦੇ ਵਿਦਰੋਹ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?
(ੳ) ਰਾਜਨੀਤਕ ਵਿਦਰੋਹ (ਅ) ਸੈਨਿਕ ਵਿਦਰੋਹ (ੲ) ਸਮਾਜਿਕ ਵਿਦਰੋਹ (ਸ) ਆਰਥਿਕ ਵਿਦਰੋਹ
65. 1857 ਈ ਦਾ ਵਿਦਰੋਹ ਸਭ ਤੋਂ ਪਹਿਲਾਂ ਕਿਥੋਂ ਸ਼ੁਰੂ ਹੋਇਆ?
(ੳ) ਬੈਰਕਪੁਰ (ਅ) ਮੇਰਠ (ੲ) ਦਿੱਲੀ (ਸ) ਲਖਨਾਊ
66. 1857 ਈ ਦੇ ਵਿਦਰੋਹ ਦਾ ਪਹਿਲਾ ਸ਼ਹੀਦ ਕੌਣ ਸੀ?
(ੳ) ਤਾਂਤੀਆ ਟੋਪੇ (ਅ) ਰਾਣੀ ਝਾਂਸੀ (ੲ) ਬਹਾਦਰ ਸ਼ਾਹ (ਸ) ਮੰਗਲ ਪਾਂਡੇ
67. ਭਾਰਤ ਵਿਚ ਕਿਹੜੇ ਗਵਰਨਰ ਜਨਰਲ ਨੇ ਸਤੀ ਪ੍ਰਥਾ ਅਤੇ ਕੰਨਿਆ ਹੱਤਿਆ ਨੂੰ ਗੈਰ ਕਾਨੂੰਨੀ ਘੋਸ਼ਿਤ ਕੀਤਾ?
(ੳ) ਲਾਰਡ ਹੇਸਟਿੰਗਸ (ਅ) ਲਾਰਡ ਰਿਪਨ (ੲ) ਲਾਰਡ ਕਾਰਨਵਾਲਿਸ (ਸ) ਲਾਰਡ ਵਿਲੀਅਮ ਬੈਂਟਿਕ
68. ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਕਿਸ ਜੇਲ੍ਹ ਵਿਚ ਕੈਦ ਕੀਤਾ ਗਿਆ?
(ੳ) ਲੰਡਨ (ਅ) ਆਗਰਾ (ੲ) ਰੰਗੂਨ (ਸ) ਦਿੱਲੀ
69. 1857 ਈ ਵਿਚ ਕਿਸ ਅੰਗਰੇਜ ਜਨਰਲ ਨੇ ਤਾਂਤੀਆ ਟੋਪੇ ਨੂੰ ਹਰਾਇਆ?
(ੳ) ਜਨਰਲ ਹੈਵਲਾਕ (ਅ) ਜਨਰਲ ਡੂਪਲੇ (ੲ) ਜਨਰਲ ਡਾਇਰ (ਸ) ਜਨਰਲ ਵਿਲੀਅਮ
70. 1857 ਈ ਦੇ ਵਿਦਰੋਹ ਵਿਚ ਪੰਜਾਬ ਦੇ ਰਾਜਿਆਂ ਦੀ ਕੀ ਭੂਮਿਕਾ ਰਹੀ?
(ੳ) ਮੂਕ ਦਰਸ਼ਕ (ਅ) ਅੰਗਰੇਜ਼ ਦਾ ਸਾਥ ਦਿੱਤਾ
(ੲ) ਵਿਦਰੋਹ ਵਿਚ ਸ਼ਾਮਿਲ ਹੋਏ (ਸ) ਅੰਗਰੇਜ਼ਾਂ ਨਾਲ ਲੜਾਈ ਲੜੀ

71. 1715 ਈ ਵਿੱਚ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਕੰਪਨੀ ਨੇ ........... ਵਿੱਚ ਸੈਂਟ ਮੇਰੀ ਚੈਰੀਟੀ ਸਕੂਲ ਖੋਲਿਆ।
(ੳ) ਕਲਕੱਤਾ (ਅ) ਦਿੱਲੀ (ੲ) ਮੁੰਬਈ (ਸ) ਮਦਰਾਸ

72. ਚਾਰਲਸ ਵੁੱਡ ਦੇ ਡਿਸਪੈਚ ਦੇ ਅਧਾਰ ਤੇ 1864 ਈ ਵਿੱਚ ਗੌਰਮਿੰਟ ਕਾਲਜ ਦੀ ਸਥਾਪਨਾ ਕਿਥੇ ਕੀਤੀ ਗਈ?
(ੳ) ਦਿੱਲੀ (ਅ) ਕਲਕੱਤਾ (ੲ) ਲਾਹੌਰ (ਸ) ਮਦਰਾਸ

73. 1904 ਈ ਵਿੱਚ ਭਾਰਤੀ ਯੂਨੀਵਰਸਿਟੀ ਐਕਟ ਕਿਸ ਗਵਰਨਰ ਜਨਰਲ ਨੇ ਪਾਸ ਕੀਤਾ?
(ੳ) ਲਾਰਡ ਕਰਜਨ (ਅ) ਲਾਰਡ ਰਿਪਨ (ੲ) ਲਾਰਡ ਹਾਰਡਿੰਗ (ਸ) ਲਾਰਡ ਡਲਹੌਜ਼ੀ

74. ਸਿੱਖਿਆ ਦੇ ਵਿਕਾਸ ਲਈ ਸੈਡਲਰ ਕਮੇਟੀ ਦੀ ਨਿਯੁਕਤੀ ਕਦੋਂ ਕੀਤੀ ਗਈ?
(ੳ) 1904 ਈ (ਅ) 1917 ਈ (ੲ) 1914 ਈ (ਸ) 1928 ਈ

75. ਬੇਸਿਕ ਸਿੱਖਿਆ ਪ੍ਰਣਾਲੀ ਅਨੁਸਾਰ ਕਿੰਨੀ ਉਮਰ ਦੇ ਬੱਚਿਆਂ ਤੱਕ ਸਿੱਖਿਆ ਮੁਫਤ ਅਤੇ ਲਾਜਮੀ ਹੋਣ ਦਾ ਸੁਝਾਅ ਸੀ।
(ੳ) 14 ਸਾਲ (ਅ) 10 ਸਾਲ (ੲ) 20 ਸਾਲ (ਸ) 15 ਸਾਲ

76. ਕਲਕੱਤਾ ਵਿਖੇ ਅੰਗਰੇਜੀ ਸਕੂਲ ਅਤੇ ਵੇਦਾਂਤ ਕਾਲਜ ਕਿਸ ਨੇ ਸਥਾਪਤ ਕੀਤਾ?
(ੳ) ਸਵਾਮੀ ਦਯਾਨੰਦ (ਅ) ਐਨੀ ਬੇਸੈਂਟ (ੲ) ਰਾਜਾ ਰਾਮ ਮੋਹਨ ਰਾਏ (ਸ) ਸਵਾਮੀ ਵਿਵੇਕਾਨੰਦ

77. ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕਿਸ ਨੇ ਕੀਤੀ?
(ੳ) ਸਵਾਮੀ ਵਿਵੇਕਾਨੰਦ (ਅ) ਸਵਾਮੀ ਦਯਾਨੰਦ (ੲ) ਰਾਜਾ ਰਾਮ ਮੋਹਨ ਰਾਏ (ਸ) ਐਨੀ ਬੇਸੈਂਟ

78. ਈਸ਼ਵਰ ਚੰਦਰ ਵਿਦਿਆ ਸਾਗਰ ਨੇ ਕਿਸ ਭਾਸ਼ਾ ਵਿੱਚ ਪੁਸਤਕ ਲਿਖੀ?
(ੳ) ਉਰਦੂ (ਅ) ਸੰਸਕ੍ਰਿਤ (ੲ) ਅੰਗਰੇਜੀ (ਸ) ਬੰਗਾਲੀ

79. ਈਸ਼ਵਰ ਚੰਦਰ ਵਿਦਿਆ ਸਾਗਰ ਨੇ ਕਿਹੜੀ ਪੁਸਤਕ ਲਿਖੀ?
(ੳ) ਗੀਤਾ (ਅ) ਮਹਾਂਭਾਰਤ (ੲ) ਪ੍ਰੀਮਰ ਵਰਨਾ ਪ੍ਰੀਚਿਆ (ਸ) ਗੀਤਾਂਜਲੀ

80. ਮਹਾਰਾਜ ਸਿਆਜੀ ਰਾਉ ਵਿਸ਼ਵਵਿਦਿਆਲਾ ਕਿਥੇ ਸਥਿਤ ਹੈ?
(ੳ) ਅਹਿਮਦਾਬਾਦ (ਅ) ਬੜੌਦਾ (ੲ) ਜੂਨਾਗੜ੍ਹ (ਸ) ਪੂਨਾ

81. ਸਯੱਦ ਅਹਿਮਦ ਖਾਂ ਨੇ 19ਵੀਂ ਸਦੀ ਵਿੱਚ ਇਸਲਾਮੀ ਸਮਾਜ ਅਤੇ ਧਰਮ ਦੇ ਸੁਧਾਰ ਲਈ ਕਿਸ ਅੰਦੋਲਨ ਦੀ ਨੀਂਹ ਰੱਖੀ?
(ੳ) ਅਲੀਗੜ੍ਹ ਅੰਦੋਲਨ (ਅ) ਲਖਨਉ ਅੰਦੋਲਨ (ੲ) ਇਲਾਹਬਾਦ ਅੰਦੋਲਨ (ਸ) ਕਾਨਪੁਰ ਅੰਦੋਲਨ

82. ਮੁਹੰਮਡਨ ਓਰੀਐਂਟਲ ਕਾਲਜ ਦੀ ਸਥਾਪਨਾ ਕਿੱਥੇ ਕੀਤੀ ਗਈ?
(ੳ) ਲਖਨਾਉ (ਅ) ਇਲਾਹਾਬਾਦ (ੲ) ਅਲੀਗੜ੍ਹ (ਸ) ਕਾਨਪੁਰ

83. ਅਲੀਗੜ੍ਹ ਮੁਸਲਿਮ ਵਿਸ਼ਵਵਿਦਆਲਾ ਦੀ ਸਥਾਪਨਾ ਕਦੋਂ ਹੋਈ?
(ੳ) 1905 ਈ (ਅ) 1925 ਈ (ੲ) 1910 ਈ (ਸ) 1920 ਈ

84. ਸਰ ਸੱਯਦ ਅਹਿਮਦ ਖਾਂ ਨੂੰ 'ਸਰ' ਦੀ ਉਪਾਧੀ ਕਦੋਂ ਮਿਲੀ?
(ੳ) 1898 ਈ (ਅ) 1888 ਈ (ੲ) 1902 ਈ (ਸ) 1920 ਈ

85. ਮੁਹੰਮਡਨ ਐਂਗਲੋ ਓਰੀਐਂਟਲ ਕਾਲਜ ਦੀ ਸਥਾਪਨਾ ਕਦੋਂ ਹੋਈ?
(ੳ) 1865 ਈ (ਅ) 1875 ਈ (ੲ) 1888 ਈ (ਸ) 1910 ਈ

86. ਮੁਹੰਮਡਨ ਐਂਗਲੋ ਓਰੀਐਂਟਲ ਕਾਲਜ ਦੀ ਪਹਿਲੀ ਚਾਂਸਲਰ ਕੌਣ ਸੀ?
(ੳ) ਮੁਲਤਾਨ ਬੇਗਮ (ਅ) ਇੰਦਰਾ ਗਾਂਧੀ (ੲ) ਐਨੀ ਬੇਸੈਂਟ (ਸ) ਸੁਲਤਾਨ ਜਹਾਂ ਬੇਗਮ

87. ਸਤੀ ਪ੍ਰਥਾ ਨੂੰ ਕਿਸ ਦੇ ਯਤਨਾ ਸਦਕਾ ਗੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ?
(ੳ) ਸਵਾਮੀ ਵਿਵੇਕਾਨੰਦ (ਅ) ਮਹਾਤਮਾ ਗਾਂਧੀ (ੲ) ਰਾਜਾ ਰਾਮ ਮੋਹਨ ਰਾਏ (ਸ) ਸਵਾਮੀ ਦਯਾਨੰਦ

88. ਕਿਸ ਦੇ ਯਤਨਾਂ ਸਦਕਾ 1856 ਈ ਵਿਚ ਹਿੰਦੂ ਵਿਧਵਾ-ਵਿਆਹ ਕਾਨੂੰਨ ਪਾਸ ਕੀਤਾ ਗਿਆ?
(ੳ) ਈਸ਼ਵਰ ਚੰਦਰ ਵਿਦਿਆ ਸਾਗਰ (ਅ) ਸਵਾਮੀ ਵਿਵੇਕਾਨੰਦ
(ੲ) ਸਰ ਸੱਯਦ ਅਹਿਮਦ ਖਾਂ (ਸ) ਰਾਜਾ ਰਾਮ ਮੋਹਨ ਰਾਏ

89. ਨਿਰੰਕਾਰੀ ਅੰਦੋਲਨ ਦਾ ਸੰਸਥਾਪਕ ਕੌਣ ਸੀ?
(ੳ) ਠਾਕੁਰ ਸਿੰਘ (ਅ) ਬਾਬਾ ਦਿਆਲ ਸਿੰਘ (ੲ) ਰਾਮ ਸਿੰਘ (ਸ) ਕੇਸ਼ਵ ਚੰਦਰ ਸੇਨ

90. ਨਾਮਧਾਰੀ ਅੰਦੋਲਨ ਦੀ ਸਥਾਪਨਾ ਕਿਸ ਨੇ ਕੀਤੀ?
(ੳ) ਸਤਿਗੁਰੂ ਰਾਮ ਸਿੰਘ (ਅ) ਬਾਬਾ ਦਿਆਲ ਸਿੰਘ (ੲ) ਸ੍ਰੀ ਗੁਰੂ ਨਾਨਕ ਦੇਵ ਜੀ (ਸ) ਰਾਜਾ ਰਾਮ ਮੋਹਨ ਰਾਏ

91. 'ਆਨੰਦ ਵਿਆਹ' ਦੀ ਪ੍ਰਥਾ ਕਿਸ ਨੇ ਚਲਾਈ?
(ੳ) ਬਾਬਾ ਦਿਆਲ ਸਿੰਘ (ਅ) ਰਾਜਾ ਰਾਜ ਮੋਹਨ ਰਾਏ (ੲ) ਸਤਿਗੁਰੂ ਰਾਮ ਸਿੰਘ (ਸ) ਕੇਸ਼ਵ ਚੰਦਰ ਸੇਨ

92. ਸਿੰਘ ਸਭਾ ਲਹਿਰ ਦੀ ਨੀਂਹ ਕਦੋ ਰੱਖੀ ਗਈ?
(ੳ) 1873 ਈ (ਅ) 1863 ਈ (ੲ) 1870 ਈ (ਸ) 1875 ਈ

93. ਸਿੰਘ ਸਭਾ ਲਹਿਰ ਦੀ ਨੀਂਹ ਕਿੱਥੇ ਰੱਖੀ ਗਈ?
(ੳ) ਅਨੰਦਪੁਰ ਸਾਹਿਬ (ਅ) ਦਰਬਾਰ ਸਾਹਿਬ (ੲ) ਗੋਇੰਦਵਾਲ ਸਾਹਿਬ (ਸ) ਮੰਜੀ ਸਾਹਿਬ

94. 1879 ਈ ਵਿੱਚ ਲਾਹੌਰ ਵਿਚ ਸਿੰਘ ਸਭਾ ਦਾ ਪ੍ਰਧਾਨ ਕਿਸ ਨੂੰ ਬਣਾਇਆ ਗਿਆ?
(ੳ) ਸ. ਠਾਕੁਰ ਸਿੰਘ (ਅ) ਗਿਆਨੀ ਗਿਆਨ ਸਿੰਘ (ੲ) ਪ੍ਰੋ. ਗੁਰਮੁਖ ਸਿੰਘ (ਸ) ਬਾਬਾ ਦਿਆਲ ਸਿੰਘ

95. ਅਹਿਮਦੀਆ ਲਹਿਰ ਦੀ ਨੀਂਹ ਕਦੋਂ ਰੱਖੀ ਗਈ?
(ੳ) 1853 ਈ (ਅ) 1852 ਈ (ੲ) 1850 ਈ (ਸ) 1843 ਈ

96. ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕਦੋਂ ਕੀਤੀ ਗਈ?
(ੳ) 1876 ਈ (ਅ) 1860 ਈ (ੲ) 1897 ਈ (ਸ) 1853 ਈ

97. --------ਬ੍ਰਹਮੋ ਸਮਾਜ ਦੇ ਇਕ ਪ੍ਰਸਿੱਧ ਆਗੂ ਸਨ।
(ੳ) ਐਨੀ ਬੇਸੈਂਟ (ਅ) ਸਵਾਮੀ ਵਿਵੇਕਾਨੰਦ (ੲ) ਸਵਾਮੀ ਦਯਾਨੰਦ (ਸ) ਕੇਸ਼ਵ ਚੰਦਰ ਸੇਨ

98. 1898 ਈ ਵਿਚ ਸੈਂਟਰਲ ਹਿੰਦੂ ਕਾਲਜ ਕਿੱਥੇ ਸਥਾਪਿਤ ਕੀਤਾ ਗਿਆ?
(ੳ) ਦਿੱਲੀ (ਅ) ਬਨਾਰਸ (ੲ) ਮੁੰਬਈ (ਸ) ਆਗਰਾ

99. ਕੇਸ਼ਵ ਚੰਦਰ ਦੀਆਂ ਕੋਸ਼ਿਸ਼ਾਂ ਕਾਰਨ ਦੂਜੇ ਵਿਆਹ 'ਤੇ ਪਾਬੰਦੀ ਕਦੋਂ ਲਗਾਈ ਗਈ?
(ੳ) 1871 ਈ (ਅ) 1870 ਈ (ੲ) 1872 ਈ (ਸ) 1874 ਈ

100. ਪਰਮਹੰਸ ਮੰਡਲੀ ਦੀ ਸਥਾਪਨਾ ਕਦੋਂ ਕੀਤੀ ਗਈ?
(ੳ) 1849 ਈ (ਅ) 1867 ਈ (ੲ) 1859 ਈ (ਸ) 1857 ਈ

## ਉੱਤਰ ਕੁੰਜੀ

| | | | | | | | |
|---|---|---|---|---|---|---|---|
| 1. (ਅ) | 2. (ੲ) | 3. (ੳ) | 4. (ਸ) | 5. (ੳ) | 6. (ਅ) | 7. (ੲ) | 8. (ੳ) |
| 9. (ਸ) | 10. (ੳ) | 11. (ੲ) | 12. (ੳ) | 13. (ਅ) | 14. (ਅ) | 15. (ੲ) | 16. (ਅ) |
| 17. (ੳ) | 18. (ੲ) | 19. (ਸ) | 20. (ਸ) | 21. (ੳ) | 22. (ਅ) | 23. (ੳ) | 24. (ਸ) |
| 25. (ੳ) | 26. (ਅ) | 27. (ੳ) | 28. (ਸ) | 29. (ੲ) | 30. (ਅ) | 31. (ੲ) | 32. (ੳ) |
| 33. (ਅ) | 34. (ੲ) | 35. (ੳ) | 36. (ਅ) | 37. (ਸ) | 38. (ੲ) | 39. (ੳ) | 40. (ੲ) |
| 41. (ੳ) | 42. (ਸ) | 43. (ੲ) | 44. (ਅ) | 45. (ਸ) | 46. (ੳ) | 47. (ੳ) | 48. (ਅ) |
| 49. (ੲ) | 50. (ੳ) | 51. (ੲ) | 52. (ੳ) | 53. (ੲ) | 54. (ੳ) | 55. (ਸ) | 56. (ੲ) |
| 57. (ਅ) | 58. (ੳ) | 59. (ਸ) | 60. (ਅ) | 61. (ੲ) | 62. (ੳ) | 63. (ੲ) | 64. (ਅ) |
| 65. (ੳ) | 66. (ਸ) | 67. (ਸ) | 68. (ੲ) | 69. (ੳ) | 70. (ਅ) | 71. (ਸ) | 72. (ੲ) |
| 73. (ੳ) | 74. (ਅ) | 75. (ੳ) | 76. (ੲ) | 77. (ੳ) | 78. (ਸ) | 79. (ੲ) | 80. (ਅ) |
| 81. (ੳ) | 82. (ੲ) | 83. (ਸ) | 84. (ੳ) | 85. (ਅ) | 86. (ਸ) | 87. (ੲ) | 88. (ੳ) |
| 89. (ਅ) | 90. (ੳ) | 91. (ੲ) | 92. (ੳ) | 93. (ਸ) | 94. (ੲ) | 95. (ੳ) | 96. (ੲ) |
| 97. (ਸ) | 98. (ਅ) | 99. (ੲ) | 100. (ੳ) | | | | |

## ਭੂਗੋਲ (Geography)

1. ਖਣਿਜ ਪਦਾਰਥ ਕਿਸ ਤਰ੍ਹਾਂ ਦੇ ਸਾਧਨ ਹੁੰਦੇ ਹਨ?
(ੳ) ਜੀਵ ਸਾਧਨ (ਅ) ਨਿਰਜੀਵ ਸਾਧਨ (ੲ) ਮਨੁੱਖੀ ਸਾਧਨ (ਸ) ਨਾ-ਮੁੱਕਣਯੋਗ ਸਾਧਨ

2. ਹੇਠ ਲਿਖਿਆਂ ਵਿਚੋਂ ਕਿਹੜਾ ਪਥਰਾਟ ਬਾਲਣ ਹੈ?
(ੳ) ਕੋਲਾ (ਅ) ਸੂਰਜੀ ਸ਼ਕਤੀ (ੲ) ਪਾਣੀ (ਸ) ਹਵਾ

3. ਭਾਰਤ ਵਿੱਚ ਭੂਮੀ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਬਿਜਾਈ ਹੇਠ ਹੈ?
(ੳ) 76% (ਅ) 66% (ੲ) 56% (ਸ) 46%

4. ਭਾਰਤ ਵਰਗੇ ਸੰਘਣੀ ਆਬਾਦੀ ਵਾਲੇ ਦੇਸ਼ ਲਈ ਕਿੰਨੇ ਪ੍ਰਤੀਸ਼ਤ ਰਕਬਾ ਜੰਗਲਾਂ ਹੇਠ ਹੋਣਾ ਚਾਹੀਦਾ ਹੈ?
(ੳ) 13% (ਅ) 23% (ੲ) 33% (ਸ) 43%

5. ਭਾਰਤ ਵਿਚ ਕੁੱਲ ਭੂਮੀ ਦਾ ਕਿੰਨੇ ਪ੍ਰਤੀਸ਼ਤ ਰਕਬਾ ਚਰਗਾਹਾਂ ਅਤੇ ਦਰੱਖਤਾਂ ਹੇਠ ਆਉਂਦਾ ਹੈ?
(ੳ) 4% (ਅ) 14% (ੲ) 24% (ਸ) 34%

6. ਮਿੱਟੀ ਦੀ ਰਚਨਾ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਤੱਤ ਆਪਣਾ ਰੋਲ ਅਦਾ ਨਹੀਂ ਕਰਦਾ।
(ੳ) ਮੂਲ ਚਟਾਨ (ਅ) ਜਲਵਾਯੂ (ੲ) ਪੌਦੇ (ਸ) ਮਨੁੱਖ

7. ਭਾਰਤ ਵਿੱਚ ਕੁੱਲ ਜਨਸੰਖਿਆ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਖੇਤੀ ਕਰਦਾ ਹੈ?
(ੳ) 50% ਤੋਂ 55% ਲੋਕ (ਅ) 55% ਤੋਂ 60% ਲੋਕ (ੲ) 60% ਤੋਂ 65% ਲੋਕ (ਸ) 65% ਤੋਂ 70% ਲੋਕ

8. ਕਾਲੀ ਮਿੱਟੀ ਕਿਸ ਫਸਲ ਲਈ ਬਹੁਤ ਹੀ ਢੁਕਵੀਂ ਹੈ?
(ੳ) ਚਾਵਲ (ਅ) ਚਾਹ (ੲ) ਕਪਾਹ (ਸ) ਸੇਬ

9. 'ਟੀਕ' ਦਰੱਖਤ ਕਿਸ ਤਰ੍ਹਾਂ ਦੀ ਕੁਦਰਤੀ ਬਨਸਪਤੀ ਵਿੱਚ ਪਾਇਆ ਜਾਂਦਾ ਹੈ?
(ੳ) ਪੱਤਝੜੀ (ਅ) ਮਾਰੂਥਲੀ (ੲ) ਸਦਾਬਹਾਰ (ਸ) ਡੈਲਟਾਈ

10. 'ਸੁੰਦਰੀ' ਦਰੱਖਤ ਕਿਸ ਤਰ੍ਹਾਂ ਦੀ ਕੁਦਰਤੀ ਬਨਸਪਤੀ ਵਿੱਚ ਪਾਇਆ ਜਾਂਦਾ ਹੈ?
(ੳ) ਪਰਬਤੀ ਬਨਸਪਤੀ (ਅ) ਡੈਲਟਾਈ (ੲ) ਮਾਰੂਥਲੀ (ਸ) ਸਦਾਬਹਾਰ

11. ਹੇਠ ਲਿਖਿਆਂ ਵਿਚੋਂ ਕਿਹੜੀ ਲੋਹੇ ਦੀ ਕਿਸਮ ਦੀ ਨਹੀਂ ਹੈ?
(ੳ) ਐਂਥਰੇਮਾਈਟ (ਅ) ਮੈਗਨੇਟਾਈਟ (ੲ) ਹੈਮੇਟਾਈਟ (ਸ) ਸਾਈਡਰਾਈਟ

12. ਹੇਠ ਲਿਖਿਆਂ ਵਿਚੋਂ ਕਿਹੜੀ ਕੋਲੇ ਦੀ ਕਿਸਮ ਨਹੀਂ ਹੈ?
(ੳ) ਲਿਗਨਾਈਟ (ਅ) ਬਿੱਟੂਮੀਨਸ (ੲ) ਲਿਮੋਨਾਈਟ (ਸ) ਐਂਥਰੇਸਾਈਟ

13. ਕਿਸ ਤਰਲ ਪਦਾਰਥ ਨੂੰ 'ਤਰਲ ਸੋਨੇ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ?
(ੳ) ਸਰੋਂ ਦਾ ਤੇਲ (ਅ) ਪੈਟਰੋਲੀਅਮ (ੲ) ਪਾਣੀ (ਸ) ਮਿੱਟੀ ਦਾ ਤੇਲ

14. ਸੰਸਾਰ ਵਿਚ ਸਭ ਤੋਂ ਵੱਧ ਕੁਦਰਤੀ ਗੈਸ ਕਿਹੜਾ ਦੇਸ਼ ਪੈਦਾ ਕਰਦਾ ਹੈ?
(ੳ) ਰੂਸ (ਅ) ਆਸਟਰੇਲੀਆ (ੲ) ਚੀਨ (ਸ) ਯੂ.ਐਸ.ਏ.

15. ਭਾਰਤ ਦੇ ਕਿਸ ਖੇਤਰ ਵਿਚੋਂ ਸਭ ਤੋਂ ਵੱਧ ਕੁਦਰਤੀ ਗੈਸ ਮਿਲਦੀ ਹੈ?
(ੳ) ਕ੍ਰਿਸ਼ਨਾ ਬੇਸਿਨ (ਅ) ਬਰਮੇਰ ਖੇਤਰ (ੲ) ਮੁੰਬਈ ਹਾਈ (ਸ) ਗੋਦਾਵਰੀ ਬੇਸਿਨ

16. ਭਾਰਤ ਪੂਰੇ ਸੰਸਾਰ ਦੀ ਕਿੰਨੇ ਪ੍ਰਤੀਸ਼ਤ ਪਣ ਬਿਜਲੀ ਪੈਦਾ ਕਰ ਰਿਹਾ ਹੈ?
(ੳ) 4% (ਅ) 3% (ੲ) 2% (ਸ) 1%

17. ਹੇਠ ਲਿਖਿਆਂ ਵਿੱਚੋਂ ਕਿਹੜੀ ਨਦੀ ਦੱਖਣੀ ਭਾਰਤ ਵਿੱਚ ਨਹੀਂ ਹੈ?
(ੳ) ਕ੍ਰਿਸ਼ਨਾ (ਅ) ਕਾਵੇਰੀ (ੲ) ਕੋਸੀ (ਸ) ਗੋਦਾਵਰੀ

18. ਭਾਰਤ ਦੇ ਕਿਸ ਰਾਜ ਵਿੱਚ ਪਣ-ਬਿਜਲੀ ਤਿਆਰ ਨਹੀਂ ਕੀਤੀ ਜਾਂਦੀ?
(ੳ) ਪੰਜਾਬ (ਅ) ਕੇਰਲ (ੲ) ਉੜੀਸਾ (ਸ) ਗੋਆ

19. ਹੇਠ ਲਿਖਿਆਂ ਵਿੱਚੋਂ ਕਿਹੜਾ ਪਰਮਾਣੂ ਖਣਿਜ ਪਦਾਰਥ ਨਹੀਂ ਹੈ?
(ੳ) ਕੋਬਾਲਟ (ਅ) ਯੂਰੇਨੀਅਮ (ੲ) ਥੋਰੀਅਮ (ਸ) ਲਿਥਿਅਮ

20. ਹੇਠ ਲਿਖਿਆਂ ਵਿੱਚੋਂ ਕਿਹੜਾ ਅਧਾਤੂ ਖਣਿਜ ਪਦਾਰਥ ਨਹੀਂ ਹੈ?
(ੳ) ਅਬਰਕ (ਅ) ਹੀਰਾ (ੲ) ਜਿਪਸਮ (ਸ) ਸੋਨਾ

21. ਹੇਠ ਲਿਖਿਆਂ ਵਿੱਚੋਂ ਕਿਹੜੀ ਵਪਾਰਕ ਫਸਲ ਹੈ?
(ੳ) ਚਾਵਲ (ਅ) ਚਾਹ (ੲ) ਕਣਕ (ਸ) ਮੱਕੀ

22. ਚਾਵਲ ਦੀ ਖੇਤੀ ਕਿਸ ਤਰ੍ਹਾਂ ਦੇ ਜਲਵਾਯੂ ਵਾਲੇ ਦੇਸ਼ਾਂ ਵਿੱਚ ਪੈਦਾ ਕੀਤੀ ਜਾਂਦੀ ਹੈ?
(ੳ) ਗਰਮ ਅਤੇ ਖੁਸ਼ਕ (ਅ) ਗਰਮ ਅਤੇ ਤਰ (ੲ) ਠੰਡੀ ਅਤੇ ਖੁਸ਼ਕ (ਸ) ਠੰਡੀ ਅਤੇ ਤਰ

23. ਭਾਰਤ ਦੇਸ਼, ਚਾਵਲ ਦੀ ਪੈਦਾਵਾਰ ਵਿੱਚ ਸੰਸਾਰ ਭਰ ਵਿੱਚ ਕਿਸ ਨੰਬਰ 'ਤੇ ਆਉਂਦਾ ਹੈ?
(ੳ) ਚੌਥੇ (ਅ) ਤੀਸਰੇ (ੲ) ਦੂਸਰੇ (ਸ) ਪਹਿਲੇ

24. ਭਾਰਤ ਦੀ ਚਾਵਲ ਪ੍ਰਤੀ ਹੈਕਟੇਅਰ ਪੈਦਾਵਾਰ ਕਿਸ ਰਾਜ ਵਿਚ ਸਭ ਤੋਂ ਵੱਧ ਹੈ?
(ੳ) ਪੱਛਮੀ ਬੰਗਾਲ (ਅ) ਉੱਤਰ ਪ੍ਰਦੇਸ਼ (ੲ) ਪੰਜਾਬ (ਸ) ਤਾਮਿਲਨਾਡੂ

25. ਭਾਰਤ ਦਾ ਸੰਸਾਰ ਵਿਚ ਕਣਕ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਕਿਹੜਾ ਸਥਾਨ ਹੈ?
(ੳ) ਪਹਿਲਾ (ਅ) ਦੂਸਰਾ (ੲ) ਤੀਜਾ (ਸ) ਚੌਥਾ

26. ਮੱਕੀ ਦੀ ਉੱਤਪਤੀ ਕਿਸ ਦੇਸ਼ ਵਿੱਚ ਹੋਈ?
(ੳ) ਯੂ ਐਸ ਏ (ਅ) ਭਾਰਤ (ੲ) ਚੀਨ (ਸ) ਫਰਾਂਸ

27. ਭਾਰਤ ਦਾ ਕਪਾਹ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਕਿਹੜਾ ਸਥਾਨ ਹੈ?
(ੳ) ਪਹਿਲਾ (ਅ) ਦੂਸਰਾ (ੲ) ਤੀਸਰਾ (ਸ) ਚੌਥਾ

28. ਪਟਸਨ ਨੂੰ ਕਿਹੜੇ ਮਹੀਨੇ ਬੀਜਿਆ ਜਾਂਦਾ ਹੈ?
(ੳ) ਦਸੰਬਰ-ਜਨਵਰੀ (ਅ) ਅਪ੍ਰੈਲ-ਮਈ (ੲ) ਅਗਸਤ-ਸਤੰਬਰ (ਸ) ਫਰਵਰੀ-ਮਾਰਚ

29. ਇਸ ਵੇਲੇ ਸੰਸਾਰ ਦੇ ਸਭ ਦੇਸ਼ਾਂ ਤੋਂ ਜ਼ਿਆਦਾ ਚਾਹ ਕਿਸ ਦੇਸ਼ ਵਿਚ ਪੈਦਾ ਹੁੰਦੀ ਹੈ?
(ੳ) ਚੀਨ (ਅ) ਭਾਰਤ (ੲ) ਸ਼੍ਰੀਲੰਕਾ (ਸ) ਬੰਗਲਾਦੇਸ਼

30. ਕੌਫੀ ਦੇ ਪੌਦੇ ਦਾ ਜਨਮਦਾਤਾ ਕਿਸ ਦੇਸ਼ ਨੂੰ ਮੰਨਿਆ ਜਾਂਦਾ ਹੈ?
(ੳ) ਇਥੋਪੀਆ (ਅ) ਬ੍ਰਾਜ਼ੀਲ (ੲ) ਸਾਊਦੀ ਅਰਬ (ਸ) ਮੈਕਸੀਕੋ

31. ਇੱਕ ਵਾਰ ਲਗਾਏ ਕੌਫੀ ਦੇ ਪੌਦੇ ਕਿੰਨੇ ਸਾਲ ਤੱਕ ਫਲ ਦਿੰਦੇ ਰਹਿੰਦੇ ਹਨ?
(ੳ) 10 ਸਾਲ (ਅ) 20 ਸਾਲ (ੲ) 30 ਸਾਲ (ਸ) 40 ਸਾਲ

32. ਪੰਜਾਬ ਵਿਚ ਕਿੰਨੇ ਪ੍ਰਤੀਸ਼ਤ ਲੋਕ ਖੇਤੀਬਾੜੀ ਵਿਚ ਲੱਗੇ ਹੋਏ ਹਨ?
(ੳ) 48% (ਅ) 58% (ੲ) 68% (ਸ) 78%

33. ਪੰਜਾਬ ਦੀ ਕੁੱਲ ਆਮਦਨ ਵਿੱਚ ਖੇਤੀਬਾੜੀ ਸੈਕਟਰ ਦਾ ਯੋਗਦਾਨ ਕਿੰਨਾ ਹੈ?
(ੳ) 35% (ਅ) 45% (ੲ) 55% (ਸ) 65%

34. ਕਣਕ ਪੈਦਾ ਕਰਨ ਲਈ ਔਸਤ ਤਾਪਮਾਨ ਕਿੰਨਾ ਹੋਣਾ ਚਾਹੀਦਾ ਹੈ?
(ੳ) 40° ਸੈਲਸੀਅਸ ਤੋਂ 50° ਸੈਲਸੀਅਸ (ਅ) 30° ਸੈਲਸੀਅਸ ਤੋਂ 40° ਸੈਲਸੀਅਸ
(ੲ) 20° ਸੈਲਸੀਅਸ ਤੋਂ 30° ਸੈਲਸੀਅਸ (ਸ) 10° ਸੈਲਸੀਅਸ ਤੋਂ 20° ਸੈਲਸੀਅਸ

35. ਹੇਠ ਲਿਖਿਆਂ ਵਿਚੋਂ ਕਿਹੜਾ ਮੁੱਢਲਾ ਪਦਾਰਥ ਨਹੀਂ ਹੈ?
(ੳ) ਮੱਛੀਆਂ (ਅ) ਕਪਾਹ (ੲ) ਲੱਕੜ (ਸ) ਕੱਪੜਾ

36. 'ਪੰਜਾਬ ਟ੍ਰੈਕਟਰਜ਼ ਲਿਮਟਿਡ' ਕਿਸ ਤਰ੍ਹਾਂ ਦਾ ਉਦਯੋਗ ਹੈ?
(ੳ) ਨਿੱਜੀ ਖੇਤਰ ਦਾ ਉਦਯੋਗ (ਅ) ਸਰਕਾਰੀ ਖੇਤਰ ਦਾ ਉਦਯੋਗ
(ੲ) ਸਾਂਝੇ ਖੇਤਰ ਦਾ ਉਦਯੋਗ (ਸ) ਸਹਿਕਾਰੀ ਖੇਤਰ ਦਾ ਉਦਯੋਗ

37. 'ਰੇਲ ਕੋਚ ਫੈਕਟਰੀ, ਕਪੂਰਥਲਾ' ਕਿਸ ਤਰ੍ਹਾਂ ਦਾ ਉਦਯੋਗ ਹੈ?
(ੳ) ਸਰਕਾਰੀ ਖੇਤਰ ਦਾ ਉਦਯੋਗ (ਅ) ਨਿੱਜੀ ਖੇਤਰ ਦਾ ਉਦਯੋਗ
(ੲ) ਸਾਂਝੇ ਖੇਤਰ ਦਾ ਉਦਯੋਗ (ਸ) ਸਹਿਕਾਰੀ ਖੇਤਰ ਦਾ ਉਦਯੋਗ

38. ਕਿਸ ਉਦਯੋਗ ਨੂੰ 'ਮੁੱਢਲਾ ਉਦਯੋਗ' ਕਿਹਾ ਜਾਂਦਾ ਹੈ?
(ੳ) ਆਟੋ ਮੋਬਾਈਲ ਉਦਯੋਗ (ਅ) ਲੋਹਾ-ਇਸਪਾਤ ਉਦਯੋਗ
(ੲ) ਹਵਾਈ ਜਹਾਜ਼ ਉਦਯੋਗ (ਸ) ਇਲੈਕਟ੍ਰਾਨਿਕਸ ਉਦਯੋਗ

39. ਹੇਠ ਲਿਖਿਆਂ ਵਿਚੋਂ ਕਿਹੜਾ 'ਰੇਲਵੇ ਇੰਜਣ ਅਤੇ ਡੱਬੇ' ਬਣਾਉਣ ਦਾ ਕੇਂਦਰ ਨਹੀਂ ਹੈ?
(ੳ) ਭੋਪਾਲ (ਅ) ਵਾਰਾਨਸੀ (ੲ) ਭਿਲਾਈ (ਸ) ਕੋਚੀਨ

40. ਹੇਠ ਲਿਖਿਆਂ ਵਿਚੋਂ ਕਿਹੜਾ ਸਮੁੰਦਰੀ ਜਹਾਜ਼ ਬਣਾਉਣ ਦਾ ਕੇਂਦਰ ਨਹੀਂ ਹੈ?
(ੳ) ਪੂਨਾ (ਅ) ਵਿਸ਼ਾਖਾਪਟਨਮ (ੲ) ਕੋਲਕਾਤਾ (ਸ) ਚੇਨੱਈ

41. 'ਭਿਲਾਈ' ਰੇਲ ਇੰਜਣ ਅਤੇ ਡੱਬੇ ਬਣਾਉਣ ਦਾ ਕੇਂਦਰ ਭਾਰਤ ਦੇ ਕਿਸ ਰਾਜ ਵਿਚ ਹੈ?
(ੳ) ਉੜੀਸਾ (ਅ) ਬਿਹਾਰ (ੲ) ਛੱਤੀਸਗੜ੍ਹ (ਸ) ਪੱਛਮੀ ਬੰਗਾਲ

42. ਹੇਠ ਲਿਖਿਆਂ ਵਿਚੋਂ ਕਿਹੜਾ ਪਦਾਰਥ ਲੋਹਾ ਅਤੇ ਇਸਪਾਤ ਉਦਯੋਗ ਲਈ ਲੋੜੀਂਦਾ ਨਹੀਂ ਹੈ?
(ੳ) ਚੂਨੇ ਦਾ ਪੱਥਰ (ਅ) ਡੋਲੋਮਾਈਟ (ੲ) ਮੈਂਗਨੀਜ਼ (ਸ) ਸੰਗਮਰਮਰ

43. ਭਿਲਾਈ ਲੋਹਾ ਇਸਪਾਤ ਉਦਯੋਗ ਕਿਸ ਦੇਸ਼ ਦੀ ਮੱਦਦ ਨਾਲ 1957 ਈਸਵੀ ਵਿਚ ਛੱਤੀਸਗੜ੍ਹ ਦੇ ਦੁਰਗਾ ਜ਼ਿਲ੍ਹੇ ਵਿਚ ਲਗਾਇਆ ਗਿਆ?
(ੳ) ਸੋਵੀਅਤ ਯੂਨੀਅਨ (ਅ) ਅਮਰੀਕਾ (ੲ) ਜਪਾਨ (ਸ) ਫਰਾਂਸ

44. ਡੈਟਰੀਅਟ ਲੋਹਾ ਅਤੇ ਇਸਪਾਤ ਕੇਂਦਰ ਕਿਸ ਦੇਸ਼ ਵਿਚ ਸਥਿਤ ਹੈ?
(ੳ) ਰੂਸ (ਅ) ਯੂ ਐਸ ਏ (ੲ) ਫਰਾਂਸ (ਸ) ਜਪਾਨ

45. ਰੇਸ਼ਮ ਦਾ ਕੀੜਾ ਕਿਸ ਰੁੱਖ ਦੇ ਪੱਤਿਆਂ 'ਤੇ ਪਲਦਾ ਹੈ?
(ੳ) ਟਾਹਲੀ (ਅ) ਅੰਬ (ੲ) ਸ਼ਹਿਤੂਤ (ਸ) ਕਿੱਕਰ

46. ਹੇਠ ਲਿਖਿਆਂ ਵਿਚੋਂ ਕਿਹੜਾ ਬਣਾਵਟੀ ਰੇਸ਼ਾ ਨਹੀਂ ਹੈ?
(ੳ) ਲਾਈਲਨ (ਅ) ਟੈਰੀਲੀਨ (ੲ) ਪਟਸਨ (ਸ) ਐਕਰੀਲਨ

47. ਸੰਸਾਰ ਵਿਚ ਸਭ ਤੋਂ ਵੱਧ ਸੂਤੀ ਕੱਪੜਾ ਉਤਪਾਦਕ ਦੇਸ਼ ਕਿਹੜਾ ਹੈ?
(ੳ) ਰੂਸ (ਅ) ਯੂ ਐਸ ਏ (ੲ) ਭਾਰਤ (ਸ) ਚੀਨ

48. ਹੇਠ ਲਿਖਿਆਂ ਸ਼ਹਿਰਾਂ ਵਿਚੋਂ ਕਿਸ ਸ਼ਹਿਰ ਨੂੰ ਭਾਰਤ ਦੀ 'ਸਿਲੀਕਾਨ ਘਾਟੀ' ਵੀ ਕਿਹਾ ਜਾਂਦਾ ਹੈ?
(ੳ) ਬੰਗਲੌਰ (ਅ) ਚਿਨੱਈ (ੲ) ਹੈਦਰਾਬਾਦ (ਸ) ਨੋਇਡਾ

49. 'ਸਿਲੀਕਾਨ ਘਾਟੀ' ਕਿਸ ਦੇਸ਼ ਵਿਚ ਹੈ?
(ੳ) ਆਸਟਰੇਲੀਆ (ਅ) ਯੂ ਐਸ ਏ (ੲ) ਰੂਸ (ਸ) ਜਪਾਨ

50. ਹੇਠ ਲਿਖਿਆਂ ਵਿਚੋਂ ਕਿਹੜਾ ਸੂਚਨਾ ਤਕਨੀਕ ਉਦਯੋਗ ਦਾ ਕੇਂਦਰ ਨਹੀਂ ਹੈ?
(ੳ) ਬੰਗਲੌਰ (ਅ) ਮੋਹਾਲੀ (ੲ) ਵਾਰਾਨਸੀ (ਸ) ਨੋਇਡਾ

51. ਸੰਨ 2001 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਲਿੰਗ ਅਨੁਪਾਤ ਕਿੰਨਾ ਹੈ?
(ੳ) 923 (ਅ) 933 (ੲ) 943 (ਸ) 953

52. ਪੰਜਾਬ ਵਿਚ ਲਿੰਗ ਅਨੁਪਾਤ ਕਿੰਨਾ ਹੈ?
(ੳ) 876 (ਅ) 886 (ੲ) 866 (ਸ) 896

53. ਸੰਨ 2001 ਦੀ ਜਨਗਣਨਾ ਅਨੁਸਾਰ ਭਾਰਤ ਦੇ ਕਿਸ ਰਾਜ ਵਿਚ ਲਿੰਗ ਅਨੁਪਾਤ ਸਭ ਤੋਂ ਵੱਧ ਹੈ?
(ੳ) ਪੰਜਾਬ (ਅ) ਹਰਿਆਣਾ (ੲ) ਤਾਮਿਲਨਾਡੂ (ਸ) ਕੇਰਲ

54. ਭਾਰਤ ਵਿਚ ਸਭ ਤੋਂ ਵੱਧ ਸਾਖਰਤਾ ਕਿਸ ਰਾਜ ਵਿਚ ਹੈ?
(ੳ) ਪੱਛਮੀ ਬੰਗਾਲ (ਅ) ਮਹਾਂਰਾਸ਼ਟਰ (ੲ) ਤਾਮਿਲਨਾਡੂ (ਸ) ਕੇਰਲ

55. ਪੰਜਾਬ ਵਿਚ ਲੱਗਭਗ ਕਿੰਨੇ ਪ੍ਰਤੀਸ਼ਤ ਲੋਕ ਸਾਖਰ ਹਨ?
(ੳ) 50% (ਅ) 60% (ੲ) 70% (ਸ) 80%

56. ਜਨਮ ਦਰ ਅਤੇ ਮੌਤ ਦਰ ਦੇ ਅੰਤਰ ਨੂੰ ਕੀ ਕਿਹਾ ਜਾਂਦਾ ਹੈ?
(ੳ) ਲਿੰਗ ਬਣਤਰ (ਅ) ਉਮਰ ਬਣਤਰ (ੲ) ਕੁਦਰਤੀ ਵਾਧਾ ਦਰ (ਸ) ਵਸੋਂ ਘਣਤਾ

57. ਕਿਸੇ ਇਲਾਕੇ ਵਿਚ ਇੱਕ ਵਰਗ ਕਿਲੋਮੀਟਰ ਜਾਂ ਇਕ ਵਰਗ ਮੀਲ ਦੇ ਖੇਤਰਫਲ ਵਿਚ ਜਿੰਨੇ ਵਿਅਕਤੀ ਰਹਿੰਦੇ ਹਨ, ਉਸ ਤੋਂ ਉੱਥੋਂ ਦੀ ਕਿਹੜੀ ਗੱਲ ਪਤਾ ਲੱਗਦੀ ਹੈ?
(ੳ) ਵਸੋਂ ਵੰਡ (ਅ) ਵਸੋਂ ਘਣਤਾ (ੲ) ਵਸੋਂ ਪ੍ਰੀਵਰਤਨ (ਸ) ਵਸੋਂ ਬਣਤਰ

58. 'ਜਵਾਲਾ ਚੱਕਰ' ਕਿਸ ਮਹਾਂਸਾਗਰ ਵਿਚ ਹੈ?
(ੳ) ਪ੍ਰਸ਼ਾਂਤ ਮਹਾਂਸਾਗਰ (ਅ) ਅੰਧ ਮਹਾਂਸਾਗਰ (ੲ) ਹਿੰਦ ਮਹਾਂਸਾਗਰ (ਸ) ਆਰਕਟਿਕ ਸਾਗਰ

59. ਭੂਚਾਲ ਨਾਲ ਸਬੰਧਿਤ ਪੜ੍ਹਾਈ ਨੂੰ ਕੀ ਕਿਹਾ ਜਾਂਦਾ ਹੈ?
(ੳ) ਸਾਇਕੋਲੋਜੀ (ਅ) ਸੋਸ਼ਿਓਲੋਜੀ (ੲ) ਜਿਓਲੋਜੀ (ਸ) ਸਿਜਮੋਲੋਜੀ ,

60. 'ਹਰੀਕੇਨ' ਚੱਕਰਵਾਤ ਸੰਸਾਰ ਦੇ ਕਿਸ ਇਲਾਕੇ ਵਿਚ ਆਉਂਦੇ ਹਨ?
(ੳ) ਉੱਤਰੀ ਅਮਰੀਕਾ (ਅ) ਦੱਖਣੀ ਅਮਰੀਕਾ (ੲ) ਯੂਰਪ (ਸ) ਅਫਰੀਕਾ

61. 'ਟਾਈਫੂਨ' ਚੱਕਰਵਾਤ ਸੰਸਾਰ ਦੇ ਕਿਸ ਇਲਾਕੇ ਵਿਚ ਆਉਂਦੇ ਹਨ?
(ੳ) ਉੱਤਰੀ-ਪੂਰਬੀ ਏਸ਼ੀਆ (ਅ) ਦੱਖਣੀ-ਪੂਰਬੀ ਏਸ਼ੀਆ (ੲ) ਉਤਰੀ-ਪੂਰਬੀ ਅਮਰੀਕਾ (ਸ) ਦੱਖਣੀ-ਪੂਰਬੀ ਅਮਰੀਕਾ

62. ਭਾਰਤ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਪਠਾਰੀ ਹੈ?
(ੳ) 17% (ਅ) 27% (ੲ) 37% (ਸ) 47%

63. ਭਾਰਤ ਵਿਚ ਕੁੱਲ ਖੇਤਰਫਲ ਦਾ ਕਿੰਨੇ ਪ੍ਰਤੀਸ਼ਤ ਭਾਗ ਮੈਦਾਨੀ ਹੈ?
(ੳ) 23% (ਅ) 33% (ੲ) 43% (ਸ) 53%

64. ਭਾਰਤ ਦੇ ਲੱਗਭਗ ਕਿੰਨੇ ਹਿੱਸੇ ਤੇ ਜਲੌੜ ਮਿੱਟੀ ਪਾਈ ਜਾਂਦੀ ਹੈ?
(ੳ) 45% (ਅ) 55% (ੲ) 65% (ਸ) 75%

65. ਲੈਟਰਾਈਟ ਮਿੱਟੀ ਭਾਰਤ ਦੇ ਕਿਸ ਭਾਗ ਵਿਚ ਨਹੀਂ ਪਾਈ ਜਾਂਦੀ?
(ੳ) ਪੂਰਬੀ ਘਾਟ (ਅ) ਪੱਛਮੀ ਘਾਟ
(ੲ) ਰਾਜਮਹਲ ਪਹਾੜੀਆਂ (ਸ) ਉੱਤਰੀ ਭਾਰਤ ਦੇ ਵਿਸ਼ਾਲ ਮੈਦਾਨ

66. ਮੈਂਗਨੀਜ਼ ਦੀ ਵਰਤੋਂ ਜ਼ਿਆਦਾਤਰ ਕਿਸ ਧਾਤੂ ਦਾ ਮਿਸ਼ਰਣ ਬਣਾਉਣ ਵਿਚ ਹੁੰਦੀ ਹੈ?
(ੳ) ਸੋਨਾ (ਅ) ਚਾਂਦੀ (ੲ) ਲੋਹਾ (ਸ) ਤਾਂਬਾ

67. ਭਾਰਤ ਦਾ ਸਭ ਤੋਂ ਵੱਧ ਬਾਕਸਾਈਟ ਪੈਦਾ ਕਰਨ ਵਾਲਾ ਰਾਜ ਕਿਹੜਾ ਹੈ?
(ੳ) ਤਾਮਿਲਨਾਡੂ (ਅ) ਕਰਨਾਟਕਾ (ੲ) ਉੜੀਸਾ (ਸ) ਗੁਜਰਾਤ

68. ਸੰਸਾਰ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?
(ੳ) ਯੂ ਐਸ ਏ (ਅ) ਦੱਖਣੀ ਅਫਰੀਕਾ (ੲ) ਆਸਟਰੇਲੀਆ (ਸ) ਜਪਾਨ

69. ਭਾਰਤ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਰਾਜ ਕਿਹੜਾ ਹੈ?
(ੳ) ਕਰਨਾਟਕ (ਅ) ਕੇਰਲ (ੲ) ਉੜੀਸਾ (ਸ) ਤਾਮਿਲਨਾਡੂ

70. ਬਾਕਸਾਈਟ ਤੋਂ ਕਿਹੜੀ ਧਾਤੂ ਬਣਾਈ ਜਾਂਦੀ ਹੈ?
(ੳ) ਸੋਨਾ (ਅ) ਤਾਂਬਾ (ੲ) ਚਾਂਦੀ (ਸ) ਐਲੂਮੀਨੀਅਮ

71. ਅਬਰਕ ਪੈਦਾ ਕਰਨ ਵਾਲੇ ਮੁੱਖ ਦੇਸ਼ਾਂ ਵਿਚ ਭਾਰਤ ਦਾ ਸਥਾਨ ਕਿਹੜਾ ਹੈ?
(ੳ) ਪਹਿਲਾ (ਅ) ਦੂਜਾ (ੲ) ਤੀਜਾ (ਸ) ਚੌਥਾ

72. ਸੰਸਾਰ ਵਿਚ ਸਭ ਤੋਂ ਵੱਧ ਯੂਰੇਨਿਅਮ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?
(ੳ) ਰੂਸ (ਅ) ਯੂ ਐਸ ਏ (ੲ) ਆਸਟਰੇਲੀਆ (ਸ) ਬਰਾਜ਼ੀਲ

73. ਸੰਸਾਰ ਵਿਚ ਸਭ ਤੋਂ ਵੱਧ ਕੋਲਾ ਕਿਹੜਾ ਦੇਸ਼ ਪੈਦਾ ਕਰਦਾ ਹੈ?
(ੳ) ਭਾਰਤ (ਅ) ਚੀਨ (ੲ) ਯੂ ਐਸ ਏ (ਸ) ਰੂਸ

74. ਭਾਰਤ 'ਚ ਸਭ ਤੋਂ ਵੱਧ ਕੋਲਾ ਪੈਦਾ ਕਰਨ ਵਾਲਾ ਰਾਜ ਕਿਹੜਾ ਹੈ?
(ੳ) ਉੜੀਸਾ (ਅ) ਕੇਰਲ (ੲ) ਤਾਮਿਲਨਾਡੂ (ਸ) ਝਾਰਖੰਡ

75. ਯੂ. ਐਸ. ਏ. ਕੁੱਲ ਸੰਸਾਰ ਦੀ ਕਿੰਨੇ ਪ੍ਰਤੀਸ਼ਤ ਪਣ ਬਿਜਲੀ ਤਿਆਰ ਕਰ ਰਿਹਾ ਹੈ?
(ੳ) 11% (ਅ) 21% (ੲ) 31% (ਸ) 41%

76. 'ਨਾਗਅਰਜਨ ਸਾਗਰ ਡੈਮ' ਭਾਰਤ ਦੇ ਕਿਸ ਰਾਜ ਵਿਚ ਹੈ?
(ੳ) ਉੱਤਰ ਪ੍ਰਦੇਸ਼ (ਅ) ਤਾਮਿਲਨਾਡੂ (ੲ) ਬਿਹਾਰ (ਸ) ਕਰਨਾਟਕ

77. 'ਹੀਰਾ ਕੁੰਡ' ਡੈਮ ਭਾਰਤ ਦੇ ਕਿਸ ਰਾਜ ਵਿਚ ਹੈ?
(ੳ) ਉੜੀਸਾ (ਅ) ਮਹਾਂਰਾਸ਼ਟਰ (ੲ) ਪੱਛਮੀ ਬੰਗਾਲ (ਸ) ਕੇਰਲ

78. ਹੇਲ ਲਿਖਿਆਂ ਵਿਚੋਂ ਕਿਹੜਾ ਨਵਾਂ ਸ਼ਕਤੀ ਸਾਧਨ ਨਹੀਂ ਹੈ?

(ੳ) ਪੈਟਰੋਲੀਅਮ (ਅ) ਸੂਰਜੀ ਸ਼ਕਤੀ (ੲ) ਭੂ-ਤਾਪੀ ਊਰਜਾ (ਸ) ਪੌਣ ਸ਼ਕਤੀ

79. ਹੇਠ ਲਿਖਿਆਂ ਵਿਚੋਂ ਕਿਹੜੀ ਅਨਾਜ ਫਸਲ ਨਹੀਂ ਹੈ?

(ੳ) ਚਾਵਲ (ਅ) ਕਪਾਹ (ੲ) ਮੱਕੀ (ਸ) ਬਾਜਰਾ

80. ਸੰਸਾਰ ਵਿਚ ਸਭ ਤੋਂ ਵੱਧ ਚਾਵਲ ਦੀ ਪੈਦਾਵਾਰ ਕਿਸ ਦੇਸ਼ ਵਿਚ ਹੁੰਦੀ ਹੈ?

(ੳ) ਯੂ ਐਸ ਏ (ਅ) ਰੂਸ (ੲ) ਚੀਨ (ਸ) ਆਸਟਰੇਲੀਆ

81. ਭਾਰਤ ਵਿਚ ਪੰਜਾਬ ਦਾ ਚਾਵਲ ਪੈਦਾ ਕਰਨ ਵਾਲੇ ਰਾਜਾਂ ਵਿਚ ਕਿਹੜਾ ਸਥਾਨ ਹੈ?

(ੳ) ਪਹਿਲਾ (ਅ) ਦੂਜਾ (ੲ) ਤੀਜਾ (ਸ) ਚੌਥਾ

82. ਭਾਰਤ ਦੇ ਕਿਹੜੇ ਤਿੰਨ ਰਾਜ ਕੁੱਲ ਕਣਕ ਦਾ 72% ਤੋਂ ਵੀ ਵੱਧ ਹਿੱਸਾ ਪੈਦਾ ਕਰਦੇ ਹਨ?

(ੳ) ਪੰਜਾਬ, ਹਰਿਆਣਾ ਅਤੇ ਬਿਹਾਰ (ਅ) ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ

(ੲ) ਪੰਜਾਬ, ਉੱਤਰ ਪ੍ਰਦੇਸ਼ ਅਤੇ ਮਹਾਂਰਾਸ਼ਟਰ (ਸ) ਉੱਤਰ ਪ੍ਰਦੇਸ਼, ਪੰਜਾਬ ਅਤੇ ਹਰਿਆਣਾ

83. ਸੰਸਾਰ ਵਿਚ ਸਭ ਤੋਂ ਵੱਧ ਮੱਕੀ ਕਿਹੜਾ ਦੇਸ਼ ਪੈਦਾ ਕਰਦਾ ਹੈ?

(ੳ) ਰੂਸ (ਅ) ਆਸਟਰੇਲੀਆ (ੲ) ਚੀਨ (ਸ) ਯੂ ਐਸ ਏ

84. ਸੰਸਾਰ ਵਿਚ ਸਭ ਤੋਂ ਵੱਧ ਕਪਾਹ ਕਿਹੜਾ ਦੇਸ਼ ਪੈਦਾ ਕਰਦਾ ਹੈ?

(ੳ) ਯੂ ਐਸ ਏ (ਅ) ਰੂਸ (ੲ) ਭਾਰਤ (ਸ) ਪਾਕਿਸਤਾਨ

85. ਪੰਜਾਬ ਦੇ ਕਿਸ ਖੇਤਰ ਵਿਚ ਕਪਾਹ ਨੂੰ 'ਚਿੱਟਾ ਸੋਨਾ' ਕਿਹਾ ਜਾਂਦਾ ਹੈ?

(ੳ) ਬੇਟ (ਅ) ਦੋਆਬਾ (ੲ) ਮਾਲਵਾ (ਸ) ਮਾਝਾ

86. ਮਿਸ਼ਰ ਦੇਸ਼ ਦੀ ਕਿਹੜੇ ਰੇਸ਼ੇ ਵਾਲੀ ਕਪਾਹ ਸੰਸਾਰ ਭਰ ਵਿਚ ਪ੍ਰਸਿੱਧ ਹੈ?

(ੳ) ਛੋਟੇ ਰੇਸ਼ੇ ਵਾਲੀ ਕਪਾਹ (ਅ) ਲੰਬੇ ਰੇਸ਼ੇ ਵਾਲੀ ਕਪਾਹ (ੲ) ਮੋਟੇ ਰੇਸ਼ੇ ਵਾਲੀ ਕਪਾਹ (ਸ) ਪਤਲੇ ਰੇਸ਼ੇ ਵਾਲੀ ਕਪਾਹ

87. ਭਾਰਤ ਵਿਚ ਸਭ ਤੋਂ ਵੱਧ ਪਟਸਨ ਕਿਸ ਰਾਜ ਵਿਚ ਉਗਾਈ ਜਾਂਦੀ ਹੈ?

(ੳ) ਅਸਾਮ (ਅ) ਪੱਛਮੀ ਬੰਗਾਲ (ੲ) ਉੜੀਸਾ (ਸ) ਮੱਧ ਪ੍ਰਦੇਸ਼

88. ਇਕੱਲਾ ਪੱਛਮੀ ਬੰਗਾਲ ਭਾਰਤ ਦਾ ਕਿੰਨੇ ਪ੍ਰਤੀਸ਼ਤ ਪਟਸਨ ਪੈਦਾ ਕਰਦਾ ਹੈ?

(ੳ) 50% (ਅ) 60% (ੲ) 70% (ਸ) 80%

89. ਹੇਠ ਲਿਖਿਆਂ ਵਿਚੋਂ ਕਿਸ ਥਾਂ 'ਤੇ ਭਾਰਤ ਵਿਚ ਚਾਹ ਨਹੀਂ ਉਗਾਈ ਜਾਂਦੀ?

(ੳ) ਕੋਟਾਯਾਮ (ਅ) ਡਿਬਰੂਗੜ੍ਹ (ੲ) ਜਲਪੈਗੁਰੀ (ਸ) ਔਰੰਗਾਬਾਦ

90. ਹੇਠ ਲਿਖਿਆਂ ਵਿਚੋਂ ਕਿਹੜੀ ਕੌਫੀ ਦੀ ਕਿਸਮ ਨਹੀਂ ਹੈ?

(ੳ) ਅਰੈਬਿਕਾ (ਅ) ਰੌਬਸਟਾ (ੲ) ਸਾਇਬੈਰਿਕਾ (ਸ) ਲਾਇਬੈਰਿਕਾ

91. ਯੂ ਐਸ ਏ ਵਿਚ ਕਿਸ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ?

(ੳ) ਵਿਸਤ੍ਰਿਤ ਖੇਤੀ (ਅ) ਸਥਾਨਅੰਤਰੀ ਖੇਤੀ (ੲ) ਖੁਸ਼ਕ ਖੇਤੀ (ਸ) ਗੁਜਾਰੇਵੰਦੀ ਖੇਤੀ

92. ਹੇਠ ਲਿਖਿਆਂ ਵਿਚੋਂ ਕਿਹੜਾ ਉਦਯੋਗ ਮਾਲ ਦੀ ਕਿਸਮ ਜਾਂ ਸ੍ਰੋਤ ਦੇ ਆਧਾਰ ਤੇ ਨਹੀਂ ਹੈ?

(ੳ) ਖੇਤੀ ਤੇ ਆਧਾਰਿਤ ਉਦਯੋਗ (ਅ) ਖਣਿਜ ਪਦਾਰਥਾਂ ਤੇ ਆਧਾਰਿਤ ਉਦਯੋਗ

(ੲ) ਸਰਕਾਰੀ ਖੇਤਰ ਦੇ ਉਦਯੋਗ (ਸ) ਜੰਗਲਾਂ ਤੇ ਆਧਾਰਿਤ ਉਦਯੋਗ

93. ਹੇਠ ਲਿਖਿਆਂ ਵਿਚੋਂ ਕਿਹੜਾ ਹਵਾਈ ਜਹਾਜ਼ ਬਣਾਉਣ ਵਾਲਾ ਕੇਂਦਰ ਨਹੀਂ ਹੈ?

(ੳ) ਅਲਵਰ (ਅ) ਬੰਗਲੌਰ (ੲ) ਕਾਨਪੁਰ (ਸ) ਲਖਨਊ

94. ਭਾਰਤ ਵਿਚ ਸਭ ਤੋਂ ਵੱਧ ਵਸੋਂ ਘਣਤਾ ਕਿਸ ਰਾਜ ਵਿਚ ਹੈ?

(ੳ) ਉੱਤਰ ਪ੍ਰਦੇਸ਼ (ਅ) ਪੱਛਮੀ ਬੰਗਾਲ (ੲ) ਮੱਧ ਪ੍ਰਦੇਸ਼ (ਸ) ਪੰਜਾਬ

95. ਸੈਂਟਰਲ ਆਫਤ ਪ੍ਰਬੰਧਨ ਅਥਾਰਟੀ, ਭਾਰਤ ਵਿਖੇ ਕਿਸ ਥਾਂ 'ਤੇ ਸਥਿਤ ਹੈ?

(ੳ) ਚੰਡੀਗੜ੍ਹ (ਅ) ਬੰਗਲੌਰ (ੲ) ਹੈਦਰਾਬਾਦ (ਸ) ਨਵੀਂ ਦਿੱਲੀ

96. ਸਾਲ, ਟੀਕ, ਬਾਂਸ, ਟਾਹਲੀ ਅਤੇ ਖੈਰ ਆਦਿ ਦਰਖਤ ਕਿਸ ਕਿਸਮ ਦੀ ਬਨਸਪਤੀ ਵਿਚ ਪਾਏ ਜਾਂਦੇ ਹਨ?

(ੳ) ਮਾਰੂਥਲੀ (ਅ) ਡੈਲਟਾਈ (ੲ) ਪੱਤਝੜੀ (ਸ) ਸਦਾਬਹਾਰ

97. ਤਾਂਬੇ ਨੂੰ ਜਦੋਂ ਟਿੰਨ ਨਾਲ ਮਿਲਾਇਆ ਜਾਂਦਾ ਹੈ ਤਾਂ ਕਿਹੜੀ ਧਾਤੂ ਬਣਦੀ ਹੈ?
(ੳ) ਕਾਂਸਾ (ਅ) ਐਲੂਮੀਨੀਅਮ (ੲ) ਪਿੱਤਲ (ਸ) ਲੋਹਾ

98. ਭਾਰਤ ਦੇ ਕੁੱਲ ਖੇਤਰਫਲ ਦਾ ਕਿੰਨੇ ਪ੍ਰਤੀਸ਼ਤ ਹਿੱਸਾ ਜੰਗਲਾਂ ਹੇਠ ਹੈ?
(ੳ) 42% (ਅ) 32% (ੲ) 52% (ਸ) 22%

99. ਪੰਜਾਬ ਵਿਚ ਕਿਸ ਕਿਸਮ ਦੀ ਖੇਤੀ ਵਧੇਰੇ ਕੀਤੀ ਜਾਂਦੀ ਹੈ?
(ੳ) ਸੰਘਣੀ ਖੇਤੀ (ਅ) ਸਥਾਨਅੰਤਰੀ ਖੇਤੀ (ੲ) ਖੁਸ਼ਕ ਖੇਤੀ (ਸ) ਗੁਜ਼ਾਰੇਵੰਦੀ ਖੇਤੀ

100. ਭਾਰਤ ਵਿਚ ਸਭ ਤੋਂ ਘੱਟ ਸਾਖਰ ਕਿਹੜਾ ਰਾਜ ਹੈ?
(ੳ) ਉੱਤਰ ਪ੍ਰਦੇਸ਼ (ਅ) ਬਿਹਾਰ (ੲ) ਝਾਰਖੰਡ (ਸ) ਅਰੁਣਾਚਲ ਪ੍ਰਦੇਸ਼

101. ਕਿਸੇ ਥਾਂ ਦੇ ਜੀਵ-ਮੰਡਲ ਅਤੇ ਉੱਥੋਂ ਦੇ ਭੌਤਿਕ ਆਲੇ-ਦੁਆਲੇ ਨੂੰ ਕੀ ਆਖਦੇ ਹਨ?
(ੳ) ਆਵਾਸ (ਅ) ਪਰਿਸਥਿਤੀ (ੲ) ਜੀਵਮੰਡਲ (ਸ) ਵਾਤਾਵਰਨ

102. ਧਰਤੀ ਦੀ ਸਤਹ ਦਾ ਕਿੰਨੇ ਪ੍ਰਤੀਸ਼ਤ ਭਾਗ ਪਾਣੀ ਨੇ ਮਲਿਆ ਹੈ?
(ੳ) 51% (ਅ) 61% (ੲ) 71% (ਸ) 81%

103. ਵਾਯੂਮੰਡਲ, ਥਲਮੰਡਲ ਅਤੇ ਜਲਮੰਲਡਲ ਦੇ ਸਮੂਚੇ ਪ੍ਰਭਾਵ ਸਦਕਾ ਕੀ ਹੋਂਦ ਵਿੱਚ ਆਉਂਦਾ ਹੈ?
(ੳ) ਅਵਾਸ (ਅ) ਪਰਿਸਥਿਤੀ (ੲ) ਜੀਵਮੰਡਲ (ਸ) ਵਾਤਾਵਰਨ

104. ਮਨੁੱਖ ਦੇ ਉੱਦਮ ਸਦਕਾ ਸਾਰਾ ਸੰਸਾਰ ਕੀ ਬਣ ਗਿਆ ਹੈ?
(ੳ) ਆਵਾਸ (ਅ) ਬੰਦਰਗਾਹ (ੲ) ਜੀਵ ਜਗਤ (ਸ) ਗਲੋਬਲ ਪਿੰਡ

105. ਧਰਤੀ ਦੇ ਸੱਭ ਤੋਂ ਉਪਰਲੇ ਭਾਗ ਨੂੰ ਕੀ ਆਖਦੇ ਹਨ?
(ੳ) ਚਾਪੜ (ਅ) ਉਪਰਲਾ ਮੈਂਟਲ (ੲ) ਹੇਠਲਾ ਮੈਂਟਲ (ਸ) ਬਾਹਰਲਾ ਕੇਂਦਰੀ ਭਾਗ

106. ਮੁਸਮਦਾਰ ਚੱਟਾਨਾ ਵਿੱਚ ਕਿਸ ਦੀ ਮਾਤਰਾ ਵਧੇਰੇ ਹੁੰਦੀ ਹੈ?
(ੳ) ਚਿਕਣੀ ਮਿੱਟੀ (ਅ) ਰੇਤ (ੲ) ਪੱਥਰ (ਸ) ਨਿੱਕਲ

107. ਅਨਾਛਾਦਨ ਦੇ ਕਾਰਕਾਂ ਕਰਕੇ ਬਣੀਆਂ ਚੱਟਾਨਾਂ ਨੂੰ ਕੀ ਆਖਦੇ ਹਨ?
(ੳ) ਪਾਤਾਲੀ ਚੱਟਾਨਾਂ (ਅ) ਰੂਪਾਂਤਰਿਤ ਚੱਟਾਨਾਂ (ੲ) ਅਗਨੀ ਚਟਾਨਾਂ (ਸ) ਤੈਹਿਦਾਰ ਚੱਟਾਨਾਂ

108. ਸੰਗਮਰਮਰ ਕਿਸ ਮੂਲ ਤਹਿਦਾਰ ਚਟਾਨ ਤੋਂ ਰੂਪਾਂਤਰਿਤ ਹੋ ਕੇ ਬਣਦਾ ਹੈ?
(ੳ) ਰੇਤ ਪੱਥਰ (ਅ) ਸਲੇਟ (ੲ) ਚੂਨਾ ਪੱਥਰ (ਸ) ਗ੍ਰੇਨਾਈਟ

109. ਕੋਲਾ ਕਿਸ ਕਿਸਮ ਦੀ ਚੱਟਾਨ ਹੈ?
(ੳ) ਪਾਤਾਲੀ ਅਗਨੀ ਚਟਾਨ (ਅ) ਮੱਧਵਰਤੀ ਅਗਨੀ ਚਟਾਨ
(ੲ) ਰੂਪਾਂਤਰਿਤ ਚਟਾਨ (ਸ) ਤੈਹਿਦਾਰ ਚਟਾਨ



110. ਭਾਰਤ ਦੇ ਨਕਸ਼ੇ ਵਿੱਚ ਦਿਖਾਏ ਗਏ ਖੇਤਰ ਵਿੱਚ ਕਿਸ ਤਰਾਂ ਦੀ ਮਿੱਟੀ ਪਾਈ ਜਾਂਦੀ ਹੈ?
(ੳ) ਲਾਲ ਮਿੱਟੀ (ਅ) ਕਾਲੀ ਮਿੱਟੀ
(ੲ) ਜਲੋੜ ਮਿੱਟੀ (ਸ) ਲੇਟਰਾਈਟ ਮਿੱਟੀ

111. ਨਵੀਂ ਜਲੋੜ ਦੁਆਰਾ ਨਿਰਮਿਤ ਮਿੱਟੀ ਨੂੰ ਕੀ ਕਿਹਾ ਜਾਂਦਾ ਹੈ?
(ੳ) ਬਾਂਗਰ (ਅ) ਖਾਦਰ
(ੲ) ਭਾਬਰ (ਸ) ਤਰਾਈ



112. ਭਾਰਤ ਦੇ ਨਕਸ਼ੇ ਵਿੱਚ ਦਿਖਾਏ ਗਏ ਖੇਤਰ ਵਿੱਚ ਕਿਸ ਤਰਾਂ ਦੀ ਮਿੱਟੀ ਪਾਈ ਜਾਂਦੀ ਹੈ?
(ੳ) ਕਾਲੀ ਮਿੱਟੀ (ਅ) ਪਰਬਤੀ ਮਿੱਟੀ
(ੲ) ਲੇਟਰਾਇਟ ਮਿੱਟੀ (ਸ) ਜਲੋੜ ਮਿੱਟੀ

113. ਸੰਸਾਰ ਵਿੱਚ ਸੱਭ ਤੋਂ ਵੱਧ ਬਾਕਸਾਈਟ ਕਿਸ ਦੇਸ਼ ਵਿੱਚ ਕੱਢਿਆ ਜਾਂਦਾ ਹੈ?

(ੳ) ਆਸਟਰੇਲੀਆ (ਅ) ਯੂ. ਐਸ. ਏ. (ੲ) ਕਨੇਡਾ (ਸ) ਭਾਰਤ

114. ਸੰਸਾਰ ਵਿੱਚ ਸੱਭ ਤੋਂ ਵੱਧ ਤੇਲ ਭੰਡਾਰ ਕਿਸ ਖੇਤਰ ਵਿੱਚ ਸਥਿਤ ਹਨ?

(ੳ) ਉੱਤਰ-ਪੂਰਬ ਏਸ਼ੀਆ (ਅ) ਉੱਤਰੀ ਅਰਮੀਕਾ (ੲ) ਦੱਖਣੀ ਅਰਮੀਕਾ (ਸ) ਦੱਖਣ-ਪੱਛਮ ਏਸ਼ੀਆ

115. ਹਿਮਾਲਾ ਪਰਬਤ ਕਿਸ ਤਰਾਂ ਦਾ ਧਰਾਤਲੀ ਰੂਪ ਹੈ?

(ੳ) ਜਵਾਲਾਮੁਖੀ ਪਰਬਤ (ਅ) ਅਵਸ਼ਿਸ਼ਟ ਪਰਬਤ (ੲ) ਵਲਣ ਪਰਬਤ (ਸ) ਉਤਖੰਡ ਪਰਬਤ

116. ਭਾਰਤ ਵਿੱਚ ਪਾਏ ਜਾਣ ਵਾਲੇ ਅਰਾਵਲੀ ਪਰਬਤ ਕਿਸ ਤਰਾਂ ਦੇ ਪਰਬਤ ਹੈ?

(ੳ) ਵਲਨ ਪਰਬਤ (ਅ) ਅਵਸ਼ਿਸ਼ਟ ਪਰਬਤ (ੲ) ਉਤਖੰਡ ਪਰਬਤ (ਸ) ਜਵਾਲਾਮੁਖੀ ਪਰਬਤ

117. ਮਹਾਰਾਸ਼ਟਰ ਵਿੱਚ ਜਵਾਲਾਮੁਖੀ ਮੋਘੇ ਵਿੱਚ ਬਣੀ ਝੀਲ ਦਾ ਕੀ ਨਾਮ ਹੈ?

(ੳ) ਲੋਨਾਰ ਝੀਲ (ਅ) ਚਿਲਕਾ ਝੀਲ (ੲ) ਡੱਲ ਝੀਲ (ਸ) ਪੁਸ਼ਕਰ ਝੀਲ

118. ਪ੍ਰਿਥਵੀ ਦੇ ਥਲ ਭਾਗ ਦਾ ਕਿੰਨੇ ਪ੍ਰਤੀਸ਼ਤ ਭਾਗ ਪਰਬਤਾ ਨੇ ਘੇਰਿਆ ਹੋਇਆ ਹੈ?

(ੳ) 26% (ਅ) 36% (ੲ) 46% (ਸ) 56%

119. ਉਸ ਉੱਚੇ ਖੇਤਰ ਨੂੰ ਕੀ ਆਖਦੇ ਹਨ ਜਿਸ ਦੇ ਕਿਨਾਰਿਆਂ ਦੀ ਢਲਾਣ ਤਿੱਖੀ ਅਤੇ ਉੱਪਰਲੀ ਸਤਹ ਸਮਤਲ ਹੁੰਦੀ ਹੈ?

(ੳ) ਮੈਦਾਨ (ਅ) ਪਹਾੜ (ੲ) ਦਰਾੜ ਘਾਟੀ (ਸ) ਪਠਾਰ

120. ਤਿਬੱਤ ਦੀ ਪਠਾਰ ਕਿਸ ਤਰਾਂ ਦੀ ਪਠਾਰ ਹੈ?

(ੳ) ਮਹਾਂਦੀਪੀ ਪਠਾਰ (ਅ) ਪਰਬਤੀ ਪਠਾਰ (ੲ) ਪ੍ਰਾਇਦੀਪੀ ਪਠਾਰ (ਸ) ਅੰਤਰਪਰਬਤੀ ਪਠਾਰ

121. ਪੈਟੇਗੋਨੀਆ ਦੀ ਪਠਾਰ ਕਿਸ ਦੇਸ਼ ਵਿੱਚ ਸਥਿਤ ਹੈ?

(ੳ) ਬ੍ਰਾਜ਼ੀਲ (ਅ) ਅਰਜਨਟੀਨਾ (ੲ) ਮੰਗੋਲੀਆ (ਸ) ਆਸਟ੍ਰੇਲੀਆ

122. 26 ਜਨਵਰੀ 2001 ਨੂੰ ਗੁਜਰਾਤ ਵਿਚ ਆਏ ਭੂਚਾਲ ਦਾ ਅਧਿਕੇਂਦਰ ਕਿਸ ਥਾਂ 'ਤੇ ਸੀ?

(ੳ) ਕਾਂਡਲਾ (ਅ) ਗਾਂਧੀਨਗਰ (ੲ) ਭੁਜ (ਸ) ਅਹਿਮਦਾਬਾਦ

123. ਹੇਠ ਲਿਖਿਆਂ ਵਿਚੋਂ ਕਿਹੜੀ ਬਾਹਰਲੀ ਸ਼ਕਤੀ ਨਹੀਂ ਹੈ?

(ੳ) ਪ੍ਰਵਣਿਤ ਸ਼ਕਤੀ (ਅ) ਛਿੱਜਣ (ੲ) ਖਿਚਾਅ (ਸ) ਅਪਰਦਨ

124. ਭਾਰਤ ਵਿਚ ਗੰਗਾ ਅਤੇ ਪੰਜਾਬ ਦੇ ਮੈਦਾਨ ਕਿਸ ਕਿਰਿਆ ਦੁਆਰਾ ਬਣੇ ਹਨ?

(ੳ) ਵਧਣ ਜਾਂ ਨਿਖੇਪਣ (ਅ) ਅੰਦਰੂਨੀ ਅਤੇ ਬਾਹਰੀ ਹਿਲਜੁਲ

(ੲ) ਲੰਬਾਤਮਕ ਜਾਂ ਖਤਿਜੀ ਹਿਲਜੁਲ (ਸ) ਧੀਮੀ ਜਾਂ ਅਚਨਚੇਤ ਹਿਲਜੁਲ

125. ਸੰਸਾਰ ਵਿਚ ਸਭ ਤੋਂ ਵੱਡਾ ਡੈਲਟਾ ਕਿਹੜਾ ਹੈ?

(ੳ) ਮਿਸੀਸਿਪੀ ਡੈਲਟਾ-ਯੂ.ਐਸ.ਏ. (ਅ) ਹਵਾਂਗ ਹੋ ਡੈਲਟਾ-ਚੀਨ

(ੲ) ਸੁੰਦਰਬਨਜ ਡੈਲਟਾ-ਭਾਰਤ (ਸ) ਨੀਲ ਨਦੀ ਡੈਲਟਾ-ਮਿਸਰ

126. ਭਾਰਤ ਵਿੱਚ ਕਸ਼ਮੀਰ ਦੀ ਘਾਟੀ ਵਿੱਚ ਕਿਸ ਤਰ੍ਹਾਂ ਦੇ ਮੈਦਾਨ ਮਿਲਦੇ ਹਨ ?

(ੳ) ਤੱਟਵਰਤੀ ਮੈਦਾਨ (ਅ) ਸਰੋਵਰੀ ਮੈਦਾਨ (ੲ) ਲੋਇਸ ਮੈਦਾਨ (ਸ) ਪੈਨੀਪਲੇਨ

127. ਚੀਨ ਵਿਚ ਹਵਾ ਦੇ ਨਿਖੇਪਣ ਨਾਲ ਬਣੇ ਮੈਦਾਨਾਂ ਨੂੰ ਕੀ ਕਿਹਾ ਜਾਂਦਾ ਹੈ?

(ੳ) ਤੱਟਵਰਤੀ ਮੈਦਾਨ (ਅ) ਸਰੋਵਰੀ ਮੈਦਾਨ (ੲ) ਲੋਇਸ ਮੈਦਾਨ (ਸ) ਜਲੌੜ ਮੈਦਾਨ

128. ਧਰਤੀ ਦੇ ਆਲੇ ਦੁਆਲੇ ਹਵਾ ਦੇ ਗਿਲਾਫ ਨੂੰ ਕੀ ਆਖਦੇ ਹਨ?

(ੳ) ਜਲ ਮੰਡਲ (ਅ) ਥਲ ਮੰਡਲ (ੲ) ਜੀਵ ਮੰਡਲ (ਸ) ਵਾਯੂਮੰਡਲ

129. ਧਰਤੀ ਦੇ ਤਲ ਤੋਂ ਵਾਯੂਮੰਡਲ ਦੀ ਉਚਾਈ ਕਿੰਨੇ ਕਿਲੋਮੀਟਰ ਤੱਕ ਹੈ?

(ੳ) 1600 ਕਿਲੋਮੀਟਰ (ਅ) 2600 ਕਿਲੋਮੀਟਰ (ੲ) 3600 ਕਿਲੋਮੀਟਰ (ਸ) 4600 ਕਿਲੋਮੀਟਰ

130. ਵਾਯੂਮੰਡਲ ਵਿਚ ਆਕਸੀਜਨ ਗੈਸ ਦੀ ਮਾਤਰਾ ਕਿੰਨੇ ਪ੍ਰਤੀਸ਼ਤ ਹੈ?

(ੳ) 51% (ਅ) 41% (ੲ) 31% (ਸ) 21%

131. ਮੌਸਮ ਨਾਲ ਸਬੰਧਤ ਕ੍ਰਿਆਵਾਂ ਜਿਵੇਂ ਮੀਂਹ, ਹਨੇਰੀ, ਬੱਦਲ, ਤੂਫਾਨ ਆਦਿ ਵਾਯੂਮੰਡਲ ਦੇ ਕਿਸ ਮੰਡਲ ਵਿਚ ਆਉਂਦੇ ਹਨ?
(ੳ) ਸਮਤਾਪ ਮੰਡਲ (ਅ) ਅਸ਼ਾਤੀ ਮੰਡਲ (ੲ) ਮੱਧਵਰਤੀ ਮੰਡਲ (ਸ) ਤਾਪ ਮੰਡਲ

132. ਓਜ਼ੋਨ ਗੈਸ ਵਾਯੂਮੰਡਲ ਦੀ ਕਿਸ ਤਹਿ ਵਿੱਚ ਪਾਈ ਜਾਂਦੀ ਹੈ?
(ੳ) ਅਸ਼ਾਤੀ ਮੰਡਲ (ਅ) ਸਮਤਾਪ ਮੰਡਲ (ੲ) ਮੱਧਵਰਤੀ ਮੰਡਲ (ਸ) ਤਾਪ ਮੰਡਲ

133. ਵਾਯੂਮੰਡਲ ਦੀ ਕਿਸ ਪਰਤ ਵਿਚ ਆਇਨ ਮੰਡਲ ਹੈ?
(ੳ) ਅਸ਼ਾਂਤੀ ਮੰਡਲ (ਅ) ਸਮਤਾਪ ਮੰਡਲ (ੲ) ਮੱਧਵਰਤੀ ਮੰਡਲ (ਸ) ਤਾਪ ਮੰਡਲ

134. ਕਿਹੜੀ ਅਕਸ਼ਾਸ਼ ਰੇਖਾ ਤੇ ਸਭ ਤੋਂ ਵੱਧ ਗਰਮੀ ਹੁੰਦੀ ਹੈ?
(ੳ) ਭੂਮੱਧ ਰੇਖਾ (ਅ) ਕਰਕ ਰੇਖਾ (ੲ) ਆਰਕਟਿਕ ਚੱਕਰ (ਸ) ਉੱਤਰੀ ਧਰੁਵ

135. ਭਾਰਤ ਦੇ ਨਕਸ਼ੇ ਵਿਚ ਚਾਰ ਥਾਵਾਂ ਦਿਖਾਈਆਂ ਗਈਆਂ ਹਨ। ਕਿਸ ਥਾਂ 'ਤੇ ਮਿਤੀ 21 ਮਾਰਚ ਨੂੰ ਸਭ ਤੋਂ ਵੱਧ ਗਰਮੀ ਹੋਵੇਗੀ?




(ੳ) ਸ਼ਿਮਲਾ (ਅ) ਜੈਪੁਰ
(ੲ) ਚੇਨਈ (ਸ) ਚੇਰਾਪੂੰਜੀ

136. ਪਰਬਤ ਦੀ ਕਿਸ ਢਲਾਣ ਤੇ ਸਭ ਤੋਂ ਵੱਧ ਸਮੇਂ ਲਈ ਸੂਰਜ ਦੀਆਂ ਕਿਰਨਾਂ ਪੈਣਗੀਆਂ?
(ੳ) ਪੂਰਬੀ (ਅ) ਪੱਛਮੀ (ੲ) ਉੱਤਰੀ (ਸ) ਦੱਖਣੀ

137. ਮੁੰਬਈ ਵਿਚ ਕਿਸ ਤਰ੍ਹਾਂ ਦਾ ਤਾਪਮਾਨ ਹੁੰਦਾ ਹੈ?
(ੳ) ਨਾ ਵੱਧ ਤੇ ਨਾ ਹੀ ਬਹੁਤ ਘੱਟ (ਅ) ਬਹੁਤ ਘੱਟ
(ੲ) ਬਹੁਤ ਜ਼ਿਆਦਾ (ਸ) ਘੱਟ

138. ਵਾਯੂਦਾਬ ਨੂੰ ਕਿਸ ਯੰਤਰ ਨਾਲ ਮਾਪਿਆ ਜਾਂਦਾ ਹੈ?
(ੳ) ਥਰਮਾਮੀਟਰ (ਅ) ਬੈਰੋਮੀਟਰ (ੲ) ਟੱਕੋਮੀਟਰ (ਸ) ਸਿਸਮੋਗਰਾਫ

139. 'ਡੋਲਡਰਮਜ਼' ਕਿਹੜੇ ਅਕਸ਼ਾਂਸ਼ ਹਨ?
(ੳ) $30^0$–$35^0$ ਉੱਤਰ ਅਤੇ ਦੱਖਣ (ਅ) $60^0$–$65^0$ ਉੱਤਰ ਅਤੇ ਦੱਖਣ
(ੲ) $90^0$ ਉੱਤਰ ਤੇ ਦੱਖਣ (ਸ) $0^0$–$5^0$ ਉੱਤਰ ਅਤੇ ਦੱਖਣ

140. ਜਦੋਂ ਹਵਾ ਵਿਚ ਨਮੀ ਦੀ ਮਾਤਰਾ ਓਨੀ ਹੋਵੇ ਜਿੰਨੀ ਕਿ ਵੱਧ ਤੋਂ ਵੱਧ ਉਸ ਵਿਚ ਸਮਾ ਸਕੇ ਤਾਂ ਉਸ ਨੂੰ ਕੀ ਆਖਦੇ ਹਨ?
(ੳ) ਨਿਰਪੇਖ ਨਮੀ (ਅ) ਸਾਪੇਖ ਨਮੀ (ੲ) ਸੰਤ੍ਰਿਪਤ ਹਵਾ (ਸ) ਵਾਸ਼ਪੀਕਰਨ

141. ਕਪਾਹੀ ਬੱਦਲ ਆਮ ਤੌਰ 'ਤੇ ਕਿਸ ਮੌਸਮ ਵਿਚ ਆਉਂਦੇ ਹਨ?
(ੳ) ਬਰਸਾਤ (ਅ) ਸਰਦੀ (ੲ) ਬਸੰਤ (ਸ) ਗਰਮੀ

142. ਉਹ ਪੌਣਾਂ ਜੋ ਮੌਸਮ ਦੇ ਨਾਲ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ?
(ੳ) ਮਾਨਸੂਨ (ਅ) ਵਪਾਰਿਕ (ੲ) ਪੱਛਮੀ (ਸ) ਧਰੁਵੀ

੩. ਸੰਸਾਰ ਵਿਚ ਸੱਭ ਤੋਂ ਵੱਡਾ ਮਹਾਂਸਾਗਰ ਕਿਹੜਾ ਹੈ?
(ੳ) ਹਿੰਦ ਮਹਾਂਸਾਗਰ (ਅ) ਸ਼ਾਂਤ ਮਹਾਂਸਾਗਰ (ੲ) ਅੰਧਮਹਾਂਸਾਗਰ (ਸ) ਆਰਕਟਿਕ ਮਹਾਂਸਾਗਰ

ਨੈਬਰੇਡਾਰ ਧਾਰਾ ਕਿਹੜੇ ਮਹਾਂਸਾਗਰ ਵਿਚ ਚਲਦੀ ਹੈ?
ਸ਼ਾਂਤ ਮਹਾਂਸਾਗਰ (ਅ) ਅੰਧਮਹਾਂਸਾਗਰ (ੲ) ਹਿੰਦ ਮਹਾਂਸਾਗਰ (ਸ) ਅੰਟਾਰਕਟਿਕ ਮਹਾਂਸਾਗਰ

ਾਗਰਾਂ ਦੇ ਪਾਣੀ ਵਿਚ ਚੰਨ ਅਤੇ ਸੂਰਜ ਦੀ ਆਕਰਸ਼ਣ ਸ਼ਕਤੀ ਕਾਰਨ ਉਤਰਾਅ ਅਤੇ ਚੜ੍ਹਾਅ ਨੂੰ ਕੀ ਆਖਦੇ ਹਨ?
(ਅ) ਚੱਕਰਵਾਤ (ੲ) ਜਵਾਰ ਭਾਟਾ (ਸ) ਧਾਰਾ

੨009 ਨੂੰ ਕਿਹੜੇ ਮਹਾਂਸਾਗਰ ਵਿਚ ਜਬਰਦਸਤ ਸੁਨਾਮੀ ਲਹਿਰਾਂ ਆਈਆਂ ਹਨ?
ਮਹਾਂਸਾਗਰ (ਅ) ਅੰਧ ਮਹਾਂਸਾਗਰ
ਸਾਗਰ (ਸ) ਹਿੰਦਮਹਾਂਸਾਗਰ

ੇ ਕਿਸ ਖੇਤਰ ਵਿਚ ਪਾਏ ਜਾਂਦੇ ਹਨ?
(ਅ) ਦੱਖਣੀ ਅਫਰੀਕਾ (ੲ) ਭਾਰਤ (ਸ) ਚੀਨ

148. 'ਪ੍ਰੇਅਰੀਜ਼' ਸ਼ੀਤ ਉਸ਼ਣ ਘਾਹ ਦੇ ਮੈਦਾਨ ਕਿੱਥੇ ਪਾਏ ਜਾਂਦੇ ਹਨ?
(ੳ) ਯੂਰੇਸ਼ੀਆ (ਅ) ਦੱਖਣੀ ਅਮਰੀਕਾ (ੲ) ਉੱਤਰੀ ਅਫਰੀਕਾ (ਸ) ਉੱਤਰੀ ਅਮਰੀਕਾ

149. 'ਐਟੇਕਾਮਾ' ਮਾਰੂਥਲ ਸੰਸਾਰ ਦੇ ਕਿਸ ਹਿੱਸੇ ਵਿਚ ਹੈ?
(ੳ) ਉੱਤਰੀ ਅਮਰੀਕਾ (ਅ) ਦੱਖਣੀ ਅਮਰੀਕਾ (ੲ) ਦੱਖਣੀ ਅਫਰੀਕਾ (ਸ) ਆਸਟ੍ਰੇਲੀਆ

150. ਕੁੱਲ ਵਰਤੀ ਜਾਣ ਵਾਲੀ ਲਕੜੀ ਵਿਚੋਂ ਕਿੰਨੇ ਪ੍ਰਤੀਸ਼ਤ ਬਾਲਣ ਦੇ ਤੌਰ 'ਤੇ ਇਸਤੇਮਾਲ ਕੀਤੀ ਜਾਂਦੀ ਹੈ?
(ੳ) 30% (ਅ) 40% (ੲ) 50% (ਸ) 60%

151. ਕੁੱਲ ਵਰਤੀ ਜਾਣ ਵਾਲੀ ਲਕੜੀ ਵਿਚੋਂ ਕਿੰਨੇ ਪ੍ਰਤੀਸ਼ਤ ਭਵਨ ਉਸਾਰੀ ਵਿੱਚ ਵਰਤ ਲਈ ਜਾਂਦੀ ਹੈ?
